ਪਿਆਰ ਕੁਰਬਾਨੀਆਂ

ਲੇਖਕ
ਕਰਮ ਸਿੰਘ "ਸ਼ਾਲਮ"

ਪ੍ਰਕਾਸ਼ਕ
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਚੌਂਕ ਘੰਟਾ ਘਰ (ਸਾਹਮਣੇ ਸਾਈਕਲ ਸਟੈਂਡ),
ਅੰਮ੍ਰਿਤਸਰ -143 006 (ਪੰਜਾਬ)
ਫੋਨ: (0183)550316,500491
e-mail:bspsasr@rediffmail.com
70/-



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

ਪਿਆਰ ਕੁਰਬਾਨੀਆਂ

ਲੇਖਕ
ਕਰਮ ਸਿੰਘ "ਬਾਲਮ"

ਪ੍ਰਕਾਸ਼ਕ
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਚੌਂਕ ਘੰਟਾ ਘਰ (ਸਾਹਮਣੇ ਸਾਈਕਲ ਸਟੈਂਡ),
ਅੰਮ੍ਰਿਤਸਰ -143 006 (ਪੰਜਾਬ)
ਫੋਨ: (0183)550316,500491
e-mail:bspsasr@rediffmail.com

70/-

ਲੈਲਾਂ ਮੁਲਾਂ ਨੂੰ

ਜਿਸ ਮੀਮ ਦਾ ਮਜਨੂੰ ਬਣਿਆ,
ਉਸ ਮੀਮ ਦਾ ਮੌਲਾ।
ਉਸ ਮੀਮ ਤੋਂ ਮਕਾ ਬਣਿਆ,
ਵਿਚ ਮਜਨੂੰ ਦਾ ਝੋਲਾ।

ਉਹੀ ਮੀਮ ਮੁਹੰਮਦ ਮੁਸਤਫਾ,
ਮੋਮਨ ਲੇ ਕੇ ਆਏ।
ਮਜਨੂੰ ਮੌਲਾ ਇਕ ਬਰਾਬਰ,
ਮੁੱਲਾਂ ਪਾਉਂਦੇ ਰੌਲਾ।

ਰੋਜ਼ੇ ਨਿਤ ਗੁਨਾਹਾ ਵਲੋਂ,
ਇਸ਼ਕ ਨਮਾਜ਼ਾਂ ਪੜ੍ਹਦੀ ਹਾਂ।
ਕਰਦੀ ਨਿਤ ਪਿਆਰ ਦਾ ਉਜ਼ੂ,
ਭੌਰੇ ਵਿਚ ਜਦ ਵੜਦੀ ਹਾਂ।

ਦੋਜ਼ਕ ਦੇ ਵਿਚ ਸੜਦੇ ਵੇਖੇ,
ਜੋ ਪੁਤਲੇ ਤਅੱਸਬ ਦੇ।
ਦੇਖ ਇਸ਼ਕ ਦੀ ਲਾ ਕੇ ਪੌੜੀ,
ਮੈਂ ਜੰਨਤ ਨੂੰ ਚੜ੍ਹਦੀ ਹਾਂ।

ਵੇ ਮੁਲਾਂ! ਮੈਨੂੰ ਮਜਨੂੰ ਮਿਲਿਆ,
ਹੁਣ ਮੌਲਾ ਦੀ ਲੋੜ ਨਹੀਂ।
ਮਜਨੂੰ ਕਹਿ ਕੇ ਜਾਂ ਬਹਿਸ਼ਤੀਂ,
ਕਲਮੇ ਦੇ ਵਿਚ ਬੋੜ ਨਹੀਂ।

ਮੇਰਾ ਕਲਮਾਂ ਪਾਕ ਹੈ ਮਜਨੂੰ,
ਤੇ ਇਸ਼ਕ ਨਿਮਾਜ਼ਾਂ ਰੋਜ਼ੇ।
ਆਸ਼ਕ ਅਤੇ ਸ਼ਰ੍ਹਾ ਦਾ 'ਬਾਲਮ',
ਹੁੰਦਾ ਹਰਗਿਜ਼ ਜੋੜ ਨਹੀਂ।

ਬਿਰਹੋਂ ਸੜਿਆ

ਇਕ ਦਿਨ ਲਕੜ ਦੇ ਕੋਲੇ ਨੂੰ ਪਕੜ ਕੇ ਮੈਂ,
ਪਾਣੀ ਵਿਚ ਉਸਨੂੰ ਕਈ ਵਾਰ ਧੋਤਾ।
ਲਾਈਫ ਬੁਆਏ ਸਨਲਾਈਟ ਹਿਮਾਮ ਕਾਂਤੀ,
ਸਾਬਣ ਮਲ ਮਲ ਕੇ ਘੰਟੇ ਚਾਰ ਧੋਤਾ।
ਲੇ ਕੇ ਰੇਠੜੇ ਸੋਡਾ ਉਬਾਲਿਆ ਮੈਂ,
ਪਾ ਕੇ ਪਾਓਦਰ ਅੰਗਰੇਜ਼ੀ ਸਵਾਰ ਧੋਤਾ।
ਦੁਧ ਦਹੀਂ ਮਲਾਈਆਂ ਦੇ ਵਿਚ ਮਲ ਮਲ,
ਇਕ ਵਾਰ ਹੀ ਨਹੀਂ ਸੌ ਸੋ ਵਾਰ ਧੋਤਾ।

ਰਿਹਾ ਕਾਲੇ ਦਾ ਕਾਲਾ ਸਿਆਹ ਕਾਲਾ,
ਆਖਰ ਭਰ ਅਖੀਂ ਦੋਵੇਂ ਰੋਣ ਲਗਾ।
'ਬਾਲਮ' ਕਾਸਨੂੰ ਇਤਨਾ ਖਪ ਰਿਹਾ ਏਂ,
ਰਹਾਂਗਾ ਕਾਲਾ ਸੁਫੈਦ ਨਹੀਂ ਹੋਣ ਲਗਾ।

ਲੂੰ ਲੂੰ ਦੇ ਵਿਚ ਸਿਆਹੀ ਮੇਰੇ,
ਇਸਨੂੰ ਤੇਜ਼ ਤਿਜ਼ਾਬ ਨਹੀਂ ਧੋ ਸਕਦਾ।

ਸੋਡਾ ਕਾਸਟਕ ਨਾ ਸਕੇ ਉਡਾ ਕਾਲਖ,
ਇਸਨੂੰ ਸ਼ਬਨਮ ਸ਼ਬਾਬ ਨਹੀਂ ਧੋ ਸਕਦਾ।
ਕੌਸਰ ਜ਼ਮ ਜ਼ਮ ਤੇ ਆਬੇਹਯਾਤ ਲੈ ਆ;
ਜੜੀ ਜੰਨਤ ਦਾ ਆਬ ਨਹੀਂ ਧੋ ਸਕਦਾ।
ਸਾਇੰਸਦਾਨ ਭਾਵੇਂ ਸੌ ਸੌ ਸੋਚ ਸੋਚਾਂ,
ਲੱਖਾਂ ਕਰੇ ਹਿਸਾਬ ਨਹੀਂ ਧੋ ਸਕਦਾ।

ਇਸ ਉਹ ਦਰਦ ਹੈ ਜਿਸਦੀ ਦਵਾ ਸ਼ਾਇਰਾ,
ਕਿਸੇ ਦੂਸਰੇ ਦੇ ਪਾਸੋਂ ਲਭਦੀ ਨਹੀਂ।
ਤੂੰ ਕੀ ਲਾਉਣੀ ਏ ਆਪਣੀ ਵਾਹ 'ਬਾਲਮ';
ਪੇਸ਼ ਜਾਂਵਦੀ ਏਸ ਥਾਂ ਰਬ ਦੀ ਨਹੀਂ।

ਸਾਨੂੰ ਬ੍ਰਿਹੋਂ ਨੇ ਸਾੜ ਸਿਆਹ ਕੀਤਾ,
ਲਾਲੀ ਗਈ ਤੇ ਜਾਨ ਪ੍ਰਈ ਜਾਂਵਦੀ ਏ।
ਦਰਦ ਬ੍ਰਿਹੋਂ ਦਾ ਪੁਛ ਖਾਂ ਰਾਧਕਾਂ ਨੂੰ,
ਜਿਹੜੀ ਕਾਨ੍ਹ ਦੇ ਕਾਗ ਉਡਾਂਵਦੀ ਏ।
ਕੁਠੀ ਬ੍ਰਿਹੋਂ ਦੀ ਭੀਲਨੀ ਤੱਕ ਜਾ ਕੇ,
ਜਿਹੜੀ ਰਾਹਾਂ ਤੇ ਨੈਣ ਵਿਛਾਂਵਦੀ ਏ।

ਜਿਸ ਦਿਨ ਦੇ ਵਿਛੜੇ ਯਾਰ ਕੋਲੋਂ,
ਰੰਗ ਕਾਲੇ ਤੇ ਆਂਦਰਾਂ ਸੜਦੀਆਂ ਨੇ।
'ਬਾਲਮ' ਅੱਗ ਵਿਚ ਫੜ ਕੇ ਸੱਟ ਮੈਨੂੰ,
ਵੇਖੀਂ ਕਿਸ ਤਰ੍ਹਾਂ ਲਾਲੀਆਂ ਚੜ੍ਹਦੀਆਂ ਨੇ।

ਮਿਟੀ ਦਾ ਘੜਾ

ਇਕ ਦਿਨ ਮਿਟੀ ਦੇ ਘੜੇ ਨੂੰ ਪੁਛਿਆ ਮੈਂ,
ਕਿਵੇਂ ਸੋਹਣੇ ਨੂੰ ਤੂੰ ਮਿਹਰਵਾਨ ਕੀਤਾ।
ਹੀਰੇ ਲਾਲ ਜਵਾਹਰ ਤੂੰ ਭੇਟ ਚਾਹੜੇ,
ਯਾ ਕੋਈ ਜ਼ਿਮੀਂ ਤੇ ਜ਼ੇਵਰ ਨੁਕਸਾਨ ਕੀਤਾ।
ਡਾਰ ਹਾਥੀਆਂ ਦੀ ਉਹਦੇ ਲੜ ਲਾਈ,
ਯਾ ਕੋਈ ਤਖਤ ਤੇ ਤਾਜ ਹਈ ਦਾਨ ਕੀਤਾ।
ਯਾ ਤੂੰ ਰੱਬ ਵਾਸਤਾ ਪਾਇਆ ਏ,
ਯਾ ਫਿਰ ਆਪਣਾ ਆਪ ਕੁਰਬਾਨ ਕੀਤਾ।
ਚੜ੍ਹ ਕੇ ਸੋਹਣੇ ਦੀ ਢਾਕ ਤੇ ਕਰੇ ਐਸ਼ਾਂ,
ਬਾਂਹਾਂ ਚੂੜੇ ਵਾਲੀ ਗਲ ਪਾਈ ਹੋਈ ਊ।
ਜਿਸ ਬਦਨ ਤੇ ਮਖੀ ਨਹੀਂ ਬਹਿ ਸਕਦੀ,
-ਉਥੇ ਦੋਸਤਾ ਜ਼ੋਂਕੜੀ ਲਾਈ ਹੋਈ ਊ।

ਘੜਾ-ਕਿਹਾ ਘੜੇ ਨੇ 'ਬਾਲਮਾ ਸੁਣ ਮੈਥੋਂ,
ਗਲਾਂ ਨਾਲ ਨਹੀਂ ਢਾਕ ਤੇ ਚੜ੍ਹਿਆ ਮੈਂ।
ਮਾਰ ਕਹੀਆਂ ਦੀ ਖਾ ਖਾ ਚੂਰ ਹੋਇਆ,
ਸਬਕ ਇਸ਼ਕ ਘੁਮਿਆਰ ਤੋਂ ਪੜ੍ਹਿਆ ਮੈਂ
ਚੱਕ ਉਤੇ ਕਟਾ ਕੇ ਸੀਸ ਆਪਣਾ,
ਕਈ ਦਿਨ ਵਿਚ ਅੱਗ ਦੇ ਸੜਿਆ ਮੈਂ।
ਲੰਬੂੰ ਨਿਕਲੇ ਮੈਂ ਨਾ ਸੀ ਕੀਤੀ,
ਕਸਮਏ ! ਵਾਂਗ ਕਬਾਬ ਦੇ ਰੜ੍ਹਿਆ ਮੈਂ।
ਹੋ ਕੇ ਪਾਸ ਮੈਂ ਇਸ ਸਕੂਲ ਵਿਚੋਂ;
ਚੋਲਾ ਭਗਵਾਂ ਰੰਗ ਕੇ ਗਲ ਪਾਇਆ।
ਜਦੋਂ ਮਰ ਕੇ ਹੋਇਆ ਮੁਰੀਦ 'ਬਾਲਮ'
ਫੇਰ ਸੋਹਣੇ ਨੇ ਘੁਟ ਕੇ ਗਲ ਲਾਇਆ।

ਲੈਲਾ ਮਜਨੂੰ

(ਲੈਲਾ ਮਜਨੂੰ ਆਸ਼ਕੀ ਚੋ ਚੱਕੀ ਜਾਤੀ)

ਕਿਹਾ ਕਿਸੇ ਨੇ ਮਜਨੂੰ ਤਾਂਈ,
ਸੁਣ ਓ ਪਿਆਰ ਸਵਾਲੀ।
ਜਿਸ ਲੈਲ਼ਾ ਦੀ ਆਸ਼ਕ ਹੈਂ ਤੂੰ,
ਉਹ ਹੈ ਰੰਗ ਦੀ ਕਾਲੀ।
ਹੁਸਨ ਇਸ਼ਕ ਪਿਆਰ ਤਿੰਨਾਂ ਤੋਂ,
ਹੈ ਉਹ ਸਖਣੀ 'ਬਾਲਮ',
ਏਸ ਲੈਲਾ ਦੇ ਪਿਆਰ ਦੇ ਨਾਲੋਂ,
ਮਰ ਪੀ ਜ਼ਹਿਰ ਪਿਆਲੀ।

ਮਜਨੂੰ

ਜਾਂ ਕੁਰਬਾਨ ਲੈਲਾ ਤੋਂ ਸਦਕੇ
ਰੰਗ ਜਿਸ ਦਾ ਹੈ ਕਾਲਾ ।
ਜੰਨਤ ਦੀਆਂ ਹੂਰਾਂ ਨਾਲੋਂ,
ਮੈਨੂੰ ਜਾਪੇ ਆਹਲਾ ।
ਕਾਲਾ ਰੰਗ ਕਲਮੇਂ ਦਾ 'ਬਾਲਮ';
ਕਾਲੀ ਸਿਆਹੀ ਕੁਰਾਨ ਦੀ ਏ ।
ਮੰਗੀ ਸਿਆਹੀ ਕੁਰਾਨ ਲੈਲਾ ਤੋਂ,
ਹੋਇਆ ਫੇਰ ਉਜਾਲਾ ।
ਉਸੀ ਲਾਮ ਦਾ ਲਾ-ਏ-ਲਾ ਬਣਿਆਂ,
ਉਸੀ ਲਾਮ ਦੀ ਲੈਲੀ ।
ਉਹੀ ਲਾਮ ਰਸੂਲ ਨੂੰ ਲੱਗਾ,
ਜੋ ਮੌਲਾ ਦਾ ਮੇਲੀ ।
ਮੌਲਾ ਅੱਲਾ ਅਲੀ ਤੇ ਆਲਮ,
ਬਣੇ ਨੇ ਲਾਮ ਲੇਲਾ ਤੋਂ ਲੈ ਕੇ ।
ਪਾਕ ਰਸੂਲੋਂ ਲੈਲਾ ਮੇਰੀ,
ਵਿਚ ਇਸ਼ਕ ਦੇ ਖੇਲੀ ।

ਰਾਏ ਬੁਲਾਰ ਦੀ ਕੁਰਬਾਨੀ

ਗਲ ਮਾਲਾ ਅੱਧ-ਮੀਟੇ ਨੇ ਨੈਣ ਤੇਰੇ,
ਜਾਪੇ ਰਬ ਦੀ ਪਿਆ ਤਸਵੀਰ ਨਾਨਕ।
ਲੰਮਾ ਚੋਲਾ ਤੇ ਡਾਢੀ ਜ਼ਬਾਨ ਮਿਠੀ,
ਜਾਪੇਂ ਅੱਲਾ ਜਾਂ ਉਸਦਾ ਵਜ਼ੀਰ ਨਾਨਕ।

ਜਾਂ ਤੂੰ ਅਰਸ਼ ਤੋਂ ਫ਼ਰਸ਼ ਤੇ ਮੇਹਰ ਕਰ ਕੇ,
ਬਣ ਕੇ ਆਇਆ ਏਂ ਮੇਰੀ ਤਕਦੀਰ ਨਾਨਕ।
ਪਾਤਸ਼ਾਹਾਂ ਦਾ ਪਾਤਸ਼ਾਹ ਦਿਸਦਾ ਏ,
ਵਲੀ ਵਲੀਆਂ ਪੀਰਾਂ ਦਾ ਪੀਰ ਨਾਨਕ।

ਤੇਰੇ ਹੱਥ ਵਿਚ ਹੱਥ ਖੁਦਾ ਦਾ ਏ,
ਤੇਰੇ ਨੈਣਾਂ ਵਿਚ ਮਸਤੀ ਰਸੂਲ ਦੀ ਏ।
ਤੇਰੇ ਦਿਲ ਵਿਚ ਅੱਲਾ ਦਾ ਦਿਲ ਵਸੇ,
ਤੇਰੀ ਹਸਤੀ ਵਿਚ ਹਸਤੀ ਰਸੂਲ ਦੀ ਏ।

ਸਾਰੀ ਦੁਨੀਆਂ ਦੇ ਆਲਮਾਂ ਫਾਜ਼ਲਾਂ ਨੇ.
ਕਿਹਾ ਆਲਮਾਂ ਦਾ ਆਲਮਗੀਰ ਨਾਨਕ

ਤਿੰਨਾਂ ਲੋਕਾਂ ਦੇ ਆਸ਼ਕਾਂ ਸਾਦਕਾਂ ਨੇ,
ਕਿਹਾ ਪਿਆਰ ਦੀ ਪਿਆਰੀ ਜ਼ੰਜ਼ੀਰ ਨਾਨਕ

ਬਾਵਾ ਆਦਮ ਮੁਹੰਮਦ ਰਸੂਲ ਨਬੀ,
ਬਦਲ ਬਦਲ ਕੇ ਆਇਉਂ ਸਰੀਰ ਨਾਨਕ

ਕੀਤੇ ਕੁੰਨ ਤੋਂ ਕੌਨੈਂ ਮਕਾਂ ਪੈਦਾ,
ਚੰਦ ਭਾਨ ਹੱਵਾ ਆਤੰਸ਼ ਨੀਰ ਨਾਨਕ

ਅੱਲਾ ਦਿਸਦਾ ਏ ਤੇਰੀ ਅੱਖ ਅੰਦਰ,
ਤੇਰੀ ਨਜ਼ਰ ਦੇ ਵਿਚ ਖੁਦਾਈ ਨਾਨਕ

ਦੌਲਤ ਸਦਾ ਹੀ ਚੁੰਮਦੀ ਚਰਨ ਤੇਰੇ;
ਤੂੰ ਹੈਂ ਖੁਦਾ ਖੁਦਾ ਇਲਾਹੀ ਨਾਨਕ

ਤੇਰੀ ਇਕ ਅਦਾ ਤੋਂ ਜਾਨ ਵਾਰਾਂ,
ਤੇਰੀ ਖਾਕ ਤੋਂ ਵਾਰਾਂ ਜਹਾਨ ਨਾਨਕ

ਤੇਰੇ ਹਾਸੇ ਤੋਂ ਹਸਤੀ ਖੁਦਾ ਵਾਰਾਂ,
ਤੇਰੇ ਕਲਮੇਂ ਤੋਂ ਵਾਰਾਂ ਕਰਾਨ ਨਾਨਕ

ਤੇਰੀ ਰਜ਼ਾ ਤੋਂ ਰੋਜ਼ੇ ਨਿਮਾਜ਼ , ਵਾਰਾਂ,
ਤੇਰੇ ਪਿਆਰ ਤੋਂ ਵਾਰਾਂ ਈਮਾਨ ਨਾਨਕ

ਤੇਰੀ ਸਤਿ ਕਰਤਾਰ ਦੀ ਸਦਾ ਉਤੋਂ,
ਕਰਾਂ ਮੱਕਾ ਮਦੀਨਾ ਕੁਰਬਾਨ ਨਾਨਕ

ਦਾ ਮੱਕੇ ਨੂੰ ਕਰਾਂ ਜਾਂ ਤੇਰੇ ਵਲੇ,
ਤੇਰੇ ਨੂਰ ਤੋਂ ਮੱਕਾ ਜੁਦਾ ਹੀ ਨਹੀਂ।
ਹੈ ਖੁਦ ਖੁਦਾ, ਖੁਦਾ ਦੀ ਸਹੁੰ,
ਤੇਰੇ ਬਿਨਾ ਕੋਈ ਹੋਰ ਖੁਦਾ ਹੀ ਨਹੀਂ।
ਨੈਣਾਂ ਦੇ ਤੀਰ ਨੇ ਘਾਇਲ ਕੀਤਾ,
ਹੋਵੇ ਦਰਦ ਤੇ ਸਗੋਂ ਮਜ਼ਾ ਆਵੇ।
ਜ਼ੁਲਫ ਦੀ ਕੁੰਡਲ ਵਿਚ ਕੈਦ ਹੋਇਆ,
ਹੋਵਾਂ ਬਰੀ ਨਾ ਭਾਵੇਂ ਕਜ਼ਾਂ ਆਵੇ।

ਚਰਨ ਨਾ ਛਡਾਂਗਾ ਉਮਰ ਸਾਰੀ,
ਭਾਵੇਂ ਭਾਰੀ ਤੋਂ ਭਾਰੀ ਸਜ਼ਾ ਆਵੇ।
ਬਾਗ ਦਾ ਬਣ ਕੇ ਰਹੂੰ ਬੂਟਾ,
ਭਾਵੇਂ ਬਾਹਰ ਤੇ ਭਾਵੇਂ ਖਿਜ਼ਾਂ ਆਵੇ।

ਹੂਰ ਬਹਿਸ਼ਤ ਦੀ ਲੋੜ ਨਹੀਂ,
ਸ਼ੁਕਰ ਕਰਾਂ ਜੇ ਪ੍ਰੀਤਮ ਦੀ ਪਲਕ ਹੋਵਾਂ।
ਜਿਹਾ ਜਹਾਨ ਤੇ ਕੌਣ 'ਬਾਲਮ'
ਜੇ ਮੈਂ ਨਾਨਕ ਦੇ ਨੈਣਾਂ ਦੀ ਝਲਕ ਹੋਵਾਂ।

ਨਾਨਕ

ਹਿਰਦੇ ਵਿਚ ਹੈ ਹਰਿਆ ਹਰ ਵੇਲੇ,
ਨੈਣਾਂ ਵਿਚ ਹੈ ਕੀਤਾ ਨਿਵਾਸ ਨਾਨਕ।
ਲੂੰ ਲੂੰ ਅੰਦਰ ਲਹਿਰਾਂ ਮਾਰਦਾ ਏ,
ਮੈਂ ਹਾਂ ਬੁਤ ਦੇ ਵਿਚ ਸਵਾਸ ਨਾਨਕ।
ਸੀਨੇ ਵਿਚ ਨਾਨਕ ਸਦਾ ਸੌਂ ਰਹਿੰਦਾ,
ਅਗੇ ਪਿਛੇ ਮੇਰੇ ਆਸ਼ ਪਾਸ ਨਾਨਕ।
ਮੇਰੇ ਖ਼ੂਨ ਵਿਚ ਖ਼ੂਨ ਹੋ ਮਿਲ ਗਿਆ ਏ,
ਮੇਰੇ ਮਾਸ ਵਿਚ ਹੈ ਨਿਰਾ ਮਾਸ ਨਾਨਕ।
ਜਿਥੋਂ ਤਾਈਂ ਹੈ ਜਾਂਵਦੀ ਨਿਗਾਹ ਮੇਰੀ,
ਹਰ ਜਗ੍ਹਾ ਤੇ ਨਾਨਕ ਹੀ ਵਸਦਾ ਏ।
ਤੂੰ 'ਬਾਲਮਾਂ' ਮੰਨ ਨਾ ਮੰਨ ਭਾਵੇਂ,
ਮੇਰਾ ਦਿਲ ਤਾਂ ਅੰਦਰੋਂ ਦਸਦਾ ਏ।

ਅਨੋਖੇ ਵਰ

ਬੈਠੇ ਸਨ ਤੀਜੇ ਸਤਿਗੁਰ ਜੀ,
ਚੌਂਕੀ ਤੇ ਕਰ ਇਸ਼ਨਾਨ ਰਹੇ।
ਮੁੱਖ ਬਾਣੀ ਸੀ ਗੁਰੂ ਨਾਨਕ ਦੀ,
ਚਤੇ ਸੀ ਕਰ ਭਗਵਾਨ ਰਹੇ।

ਫਿਰ ਬੀਬੀ ਭਾਨੀ ਮੱਲ ਮੱਲ ਕੇ।
ਸੇਵਾ ਉਹ ਖੂਬ ਕਮਾ ਰਹੀ ਸੀ।
ਠੰਡਾ ਤੇ ਤੱਤਾ ਜਲ ਮਿਲਾ,
ਕੇਸਾਂ ਦੇ ਅੰਦਰ ਪਾ ਰਹੀ ਸੀ।

ਚੌਂਕੀ ਦਾ ਪਾਵਾ ਟੁਟ ਗਿਆ;
ਬੀਬੀ ਨੇ ਦਿਤਾ ਪੈਰ ਥਲੇ।
ਕਿਲ ਵੱਜ ਪੈਰ ਨੂੰ ਚੀਰ ਗਿਆ,
ਪਰ ਚੌਂਕੀ ਨਾਹੀਂ ਮੂਲ ਹਿਲੇ।

ਤੱਕ ਲਾਲ ਰੰਗ ਦੇ ਪਾਣੀ ਨੂੰ,
ਸਤਿਗੁਰ ਜੀ ਕਹਿੰਦੇ ਹਨ ਕੀ ਬੱਚਾ।
ਤੂੰ ਸੇਵਾ ਬਹੁਤ ਹੈ ਕਠਨ ਕੀਤੀ,
ਹੁਣ ਮੰਗ ਲੈ ਜੋ ਹਈ ਜੀ ਬੱਚਾ।

ਤਾਂ ਭਾਨੀ ਹੱਸ ਕੇ ਕਹਿਣ ਲਗੀ,
ਇਹੋ ਗੁਰੂ ਨਾਨਕ ਦਾ ਦਰ ਹੈ ਜੀ।
ਮੈਂ ਦਾਤ ਇਹੋ ਹੀ ਮੰਗਦੀ ਹਾਂ;
ਗੁਰ ਗੱਦੀ ਮੇਰੇ ਘਰ ਰਹੇ ਜੀ।

ਇਹ ਗਦੀ ਸੇਜ ਹੈ ਸੂਲਾਂ ਦੀ,
ਬੈਠਿਆਂ ਤਾਂ ਕੰਡੇ ਵੱਜਣਗੇ।
ਪੁਤ ਪੋਤੇ ਤੇਰੇ ਕਸ਼ਟ ਝੱਲ।
ਦੁਖ ਭੋਜਨ ਖਾ ਕੇ ਰੱਜਣਗੇ।

ਤਖਤ ਬਣੇਗਾ ਲੋਹ ਤੱਤੀ,
ਪੁਤ ਤੇਰਾ ਚੌਂਕੜਾ ਲਾਏਗਾ।
ਫਿਰ ਤੱਤੀ ਰੇਤ ਦਾ ਸਿਰ ਉਤੇ,
ਸੋਹਣਾ ਉਹ ਚੌਰ ਝੁਲਾਏਗਾ।

ਕੁਲ ਨੂੰ ਉਹ ਭਾਣਾ ਮੰਨਣ ਦਾ,
ਇਕ ਨਵਾਂ ਹੀ ਢੰਗ ਸਿਖਾਵੇਗਾ ।
ਉਬਲਦੇ ਪਾਣੀ ਦੇਗ ਅੰਦਰ,
ਫਿਰ ਤਨ ਆਪਣੇ ਨੂੰ ਪਾਵੇਗਾ ।

ਲੂੰ ਲੂੰ ਤੇ ਛਾਲੇ ਫੁਲਣਗੇ;
ਜਦ ਫੇਹ ਕੇ ਫੇਰ ਨਚੋੜੇਗਾ ।
ਉਸ ਪਾਣੀ ਦਾ ਇਕ ਹੜ੍ਹ ਬਣਾ;
ਪਾਪਾਂ ਨੂੰ ਉਸ ਵਿਚ ਰੋਹੜੇਗਾ ।

ਫਿਰ ਰਾਵੀ ਦਰਿਆ ਵਿਚ ਜਾ ਕੇ,
ਜਦ ਚਰਨ ਪਵਿੱਤਰ ਪਾਵੇਗਾ ।
ਫਿਰ ਤਨੂੰ ਤੇਰਾ ਪੁਤ ਆ ਕੇ;
ਨਾ ਸੋਹਣਾ ਮੁਖ ਵਖਾਵੇਗਾ ।

ਇਸ ਸਿਖ ਪੰਥ ਦੇ ਮੰਦਰ ਦੀ,
ਹਥੀਂ ਨੀਂਹ ਰਖ ਕੇ ਜਾਵੇਗਾ ।
ਪੁਤ ਪੋਤੇ ਤੇ ਪੜਪੋਤੇ ਵੀ,
ਇਸੇ ਵਿਚ ਖਤਮ ਕਰਾਵੇਗਾ ।

ਮੈਂ ਸਦਕੇ ਜਾਵਾਂ ਸਤਿਗੁਰ ਤੋਂ,
ਜੋ ਕਰੋ ਸੋ ਹੁਕਮ ਕਮਾਵਾਂਗੀ ।
ਮੈਂ ਸੋ ਸੌ ਸ਼ਗਨ ਮਨਾ ਕੇ ਤੇ;
ਲੋਹਾਂ ਤੇ ਲਾਲ ਬਿਠਾਵਾਂਗੀ ।

ਮੈਂ ਚਾਈਂ ਚਾਈਂ ਚੰਨ ਆਪਣਾ,
ਦਿਲ ਦੇ ਵਿਚ ਕਟਵਾਵਾਂਗੀ ।
ਮੈਂ ਆਪਣੇ ਪਿਆਰੇ-ਪੋਤੇ ਲਈ;
ਸੂਲਾਂ ਦੀ ਸੇਜ ਵਿਛਾਵਾਂਗੀ ।

ਮੈਂ ਦੋ ਚਮਕੌਰ ਸ਼ਹੀਦ ਕਰਾ,
ਨੀਹਾਂ ਵਿਚ ਦੋ ਚਿਣਵਾਵਾਂਗੀ ।
ਜੇ ਲੋੜ ਪਈ ਤਾਂ ਪੋਤੇ ਨੂੰ,
ਕਿਲ੍ਹੇ ਵਿਚ ਕੈਦ ਕਰਵਾਵਾਂਗੀ ।

ਮੈਂ ਏਸ ਸ਼ਹੀਦੀ ਬੂਟੇ ਦੇ,
ਫ਼ਲ ਵਾਰੋ ਵਾਰੀ ਤੋੜਾਂਗੀ ।
ਜੇ ਭਾਣਾ ਸਤਿਗੁਰੂ ਨਾਨਕ ਦਾ,
'ਬਾਲਮ' ਨਾ ਹਰਗਿਜ਼ ਮੋੜਾਂਗੀ ।

ਤਵੀ ਤੇ ਤੱਪ

ਲਾਲ ਲੋਹ ਸੀ ਅੰਗਿਆਰ ਹੋਈ,
ਭੜਕ ਭੜਕ ਕੇ ਭੱਠੀ ਭੜਕਦੀ ਸੀ।
ਲਾ ਕੇ ਚੌਂਕੜਾ ਭਾਨੀ ਦਾ ਚੰਨ ਬੈਠਾ,
ਚਿਰੜ ਚਿਰੜ ਕਰਕੇ ਚਰਬੀ ਚੜਕਦੀ ਸੀ।
ਕੜਛੇ ਰੇਤ ਦੇ ਪੈਂਦੇ ਸੀ ਸੀਸ ਉਤੇ,
ਤਿਰੜ ਤਿਰੜ ਕਰ ਕੇ ਰੇਤ ਤੜਕਦੀ ਸੀ।
ਦੋਜ਼ਕ ਵਾਂਗ ਸੀ ਉਸ ਦਿਨ ਲਾਹੌਰ ਬਣਿਆਂ,
ਚੱਪੇ ਚੱਪੇ ਉਤੇ ਹੋਣੀ ਕੜਕਦੀ ਸੀ।

ਕਿਸੇ ਆਖਿਆ ਜਾ ਕੇ ਪੀਰ ਤਾਈਂ,
ਪਿਆਰੇ ਗੁਰੂ ਜੀ ਕਸ਼ਟ ਉਠਾ ਰਹੇ ਨੇ।
ਸਿਰ ਤੇ ਰੇਤ ਤੱਤੀ, ਥੱਲੇ ਲੋਹ ਤੱਤੀ,
ਵਿਚ ਬੈਠ ਕੇ ਤਾੜੀ ਲਗਾ ਰਹੇ ਨੇ।

ਦਰਸ਼ਨ ਕਰ ਕੇ ਲੋਹ ਤੇ ਸਤਿਗੁਰਾਂ ਦੇ
ਮੀਆਂ ਮੀਰ ਜੀ ਰੋ ਰੋ ਸੁਨਾਣ ਲਗੇ।
ਤੱਤੀ ਤਵੀ ਤੇ ਤਨ ਤਪਾ ਆਪਣਾ,
ਠੰਢ ਕਿਸੇ ਦੇ ਕਲੇਜੇ ਨੂੰ ਪਾਣ ਲਗੇ।

ਚਰਬੀ ਸਾੜ ਕੇ ਸੋਹਲ ਸਰੀਰ ਵਿਚੋਂ,
ਜੋਤ ਕੇਸ ਦੇ ਮੰਦਰ ਜਗਾਣ ਲਗੇ।
ਛਾਲੇ ਛਾਲੇ ਕਰ ਸੁੰਦਰ ਸਰੀਰ ਆਪਣਾ,
ਸਿਰ ਤੇ ਰੇਤ ਦੇ ਕੜਛੇ ਪਵਾਣ ਲਗੇ।

ਜੜ੍ਹ ਪੁਟ ਦੇ ਮੁਗਲ ਦੇ ਰਾਜ ਵਾਲੀ,
ਤੂੰ ਹੈਂ ਖੁਦ ਖ਼ੁਦਾ ਖ਼ੁਦਾਈ ਤੇਰੀ।
ਖਿਦਮਤਗਾਰ ਨੂੰ ਯਾ ਫਿਰ ਕਰੋ ਹੁਕਮ,
ਚਰਨ ਧੂੜ ਮੈਂ ਵੀ ਮਸਤਕ ਲਾਈ ਤੇਰੀ।

ਤੜਪ ਤੜਪ ਕੇ ਪੀਰ ਜੀ ਕਹਿਣ ਲਗੇ,
ਨਜ਼ਰ ਕਰੋ ਤਾਂ ਰੰਗ ਵਿਖਾ ਦੇਵਾਂ।
ਚੰਦ ਸੂਰਜ ਨੂੰ ਪਕੜ ਕੇ ਖਾ ਜਾਵਾਂ,
ਦਿਲੀ ਨਾਲ ਲਹੌਰ ਭਿੜਾ ਦੇਵਾਂ।

ਡੁਪੀ ਕੇ ਸਤੇ ਸਮੁੰਦਰ ਦਰਿਆ ਨਾਲੇ,
ਧਰਤੀ ਅਤੇ ਅਕਾਸ਼ ਉਲਟਾ ਦੇਵਾਂ
ਦੇਵਾਂ ਫੂਕ ਦੇ ਨਾਲ ਉਡਾ ਪ੍ਰਬਤ,
ਅੱਗ ਅੱਗ ਦੇ ਘਰ ਨੂੰ ਲਾ ਦੇਵਾਂ

ਕਿਹਾ ਹੱਸ ਕੇ ਸਚਿਆਂ ਸਤਿਗੁਰਾਂ ਨੇ
ਹੁਕਮ ਪਿਆਰੇ ਦਾ ਪੀਰ ਪ੍ਰਤਾਈਦਾ ਨਹੀਂ।
ਰਹੀਏ ਸਦਾ ਪਿਆਰੇ ਦੀ ਖ਼ੁਸ਼ੀ ਅੰਦਰ,
ਵਿਚ ਭਾਣੇ ਦੇ ਮੀਆਂ ਘਬਰਾਈਦਾ ਨਹੀਂ।

ਇਹ ਲੋਹ ਨਹੀਂ ਤਖਤ ਦੇ ਬੈਠ ਉਤੇ;
ਭਾਣਾ ਮੰਨਣ ਦਾ ਵਲ ਸਿਖਾ ਰਿਹਾ ਮੈਂ।
ਤੱਤੀ ਰੇਤ ਨਹੀਂ ਪੈ ਰਹੀ ਬਦਨ ਉਤੇ,
ਸਿਰ ਤੇ ਚੌਰ ਅਨੋਖਾ ਝੁਲਾ ਰਿਹਾ ਮੈਂ।

ਛਾਲੇ ਚਮਕਦੇ ਨਹੀਂ ਸਰੀਰ ਉਤੇ,
ਗ਼ੱਲ ਵਿਚ ਮੋਤੀਆਂ ਦਾ ਚੋਲਾ ਪਾ ਰਿਹਾ ਮੈਂ।
ਲਾਟਾਂ ਅੱਗ ਦੀਆਂ ਨਹੀਂ ਇਹ ਨਿਕਲ ਰਹੀਆਂ,
ਅੰਧ-ਘੋਰ ਲਈ ਗੈਸ ਜਗਾ ਰਿਹਾ ਮੈਂ।

ਓਹੋ ਵੇਖ ਜੋ ਉਬਲਦੀ ਤੇਗ ਸਾਹਵੇਂ,
ਪਾਣੀ ਨਹਾਣ ਲਈ ਗਰਮ ਕਰਾ ਰਿਹਾ ਮੈਂ।
ਲੋਕੀਂ ਵੇਖਣ ਦੇ ਵਾਸਤੇ ਤਾਂ ਆਏ,
ਤਖਤ ਬਹਿਣ ਦਾ ਤਿਲਕ ਲਗਵਾ ਰਿਹਾ ਮੈਂ।

ਮੀਆਂ ਮੀਰ ਕਿਉਂ ਰੋਨਾ ਏਂ ਮਾਰ ਭੁਬਾਂ,
ਹੁਕਮ ਪਿਆਰੇ ਦਾ ਸਿਰ ਤੇ ਟਿਕਾ ਰਿਹਾ ਮੈਂ।
ਇਸ ਸੜਦੇ ਭੁਜਦੇ ਜਗ ਅੰਦਰ,
'ਬਾਲਮ' ਸ਼ਾਤੀ ਦਾ ਝੰਡਾ ਝੂਲਾ ਰਿਹਾ ਮੈਂ।

ੴ

ਗੁਰੂ ਤੇਗ ਬਹਾਦਰ

ਦਿੱਲੀ ਵਿਚ ਨਾ ਜੋ ਦੇਂਦੇ ਸੀਸ ਜਾ ਕੇ,
ਹਿੰਦ ਵਿਚ ਨਾ ਹਿੰਦੂ ਦਾ ਨਾਮ ਹੁੰਦਾ।
ਮੰਦਰ ਅਤੇ ਸ਼ਿਵਾਲੇ ਨਾ ਨਜ਼ਰ ਆਂਦੇ,
ਨਾ ਕੋਈ ਪੂਜਦਾ ਸੀਤਾ ਤੇ ਰਾਮ ਹੁੰਦਾ।
ਤੁਲਸੀ ਪੂਜਾ ਸ਼ਿਵਲਿੰਗ ਤੇ ਠਰੇ ਠਾਕੁਰ,
ਨਾ ਕੋਈ ਮੰਨਦਾ ਰਾਧੈ ਤੇ ਸ਼ਾਮ ਹੁੰਦਾ।
ਜੰਞੂ ਤਿਲਕ ਤੇ ਬੇਦੀ ਨਾ ਨਜ਼ਰ ਆਂਦੀ,
ਵਿਚ ਸ਼ਰ੍ਹਾਂ ਦੇ ਹਮਨ ਹਰਾਮ ਹੁੰਦਾ।

ਰੋਜ਼ੇ ਰਖ ਕੇ ਪੜ੍ਹਦੇ ਨਿਮਾਜ਼ ਸਾਰੇ,
ਘਰ ਘਰ ਦੇ ਵਿਚ ਕੁਰਾਨ ਹੁੰਦਾ।
ਸਭ ਸੁੰਨਤ ਕਰਾਵਦੇ ਹਿੰਦ ਵਾਸੀ,
ਗੀਤਾ ਵੇਦ ਨਾ ਸ਼ਾਸਤਰ ਪੁਰਾਨ ਹੁੰਦਾ।

ਇਹ ਸਭ ਤੇਰੀ ਸ਼ਹਾਦਤ ਦਾ ਸਦਕਾ ਏ,
ਹਿੰਦੂ ਵੇਦ ਸ਼ਾਸਤ੍ਰ ਪੜ੍ਹ ਪੜ੍ਹ ਗਾਂਵਦੇ ਨੇ।
ਜੰਞੂ ਪਹਿਨ ਕੇ ਤਿਲਕ ਲਗਾ ਸੌ ਸੇ,
ਵਿਚ ਮੰਦਰਾਂ ਟੱਲ ਖੜਕਾਂਵਦੇ ਨੇ।

ਹਵਨ, ਯੱਗ ਕਰ ਕੇ ਕਰਦੇ ਸ਼ਿਵ ਪੂਜਾ;
ਕਾਂਸ਼ੀ, ਗਯਾ ਜਾ ਪਿੰਡ ਭਰਾਂਵਦੇ ਨੇ।
ਸੀਤਾ ਰਾਮ ਕਹਿ ਕੇ ਰਾਧੇ ਸ਼ਾਮ ਕਹਿੰਦੇ,
ਜਾ ਕੇ ਜਮਨਾ ਗੰਗਾ ਵਿਚ ਨਹਾਂਵਦੇ ਨੇ।

ਹਿੰਦੂ ਤੀਰਥਾਂ ਦੇ ਨਾਮ ਉਡ ਜਾਂਦੇ,
ਜਾ ਕੇ ਦਿੱਲੀ ਜੇ ਸੀਸ ਕਟਾਂਵਦੇ ਨਾ।

ਹਿੰਦ ਸਾਰਾ ਹੀ ਤੁਰਕਿਸਤਾਨ ਹੁੰਦਾ;
ਜੇਕਰ ਆਪ ਸ਼ਹਾਦਤ ਨੂੰ ਪਾਂਵਦੇ ਨਾ।

ਕਦੀ ਸਮਾ ਸੀ ਹਿੰਦ ਦੇ ਹਿੰਦੂਆਂ ਨੇ,
ਰੋ ਰੋ ਆਖਿਆ ਸੀ ਸਾਡਾ ਸ਼ਾਮ ਹਂ ਤੂੰ।
ਤੂੰ ਹੀ ਵਿਸ਼ਨੂੰ ਰੂਪ ਹੈਂ ਸ਼ਿਵ ਤੂੰ ਹੀ,
ਤੂੰ ਹੀ ਬ੍ਰਹਮਾ ਗੋਬਿੰਦ ਤੇ ਰਾਮ ਹੈਂ ਤੂੰ।

ਤੂੰ ਹੀ ਦੁਰਗਾ, ਕਾਲਕਾ, ਗੌਰਜਾਂ ਹੈਂ,
ਓਅੰ ਨਮੋ ਹਰੇ ਹਰ ਨਾਮ ਹੈਂ ਤੂੰ।
ਤੂੰ ਹੀ ਤਿਲਕ ਰਾਖਾ ਜੰਞੂ ਰਖ ਤੂੰ ਹੀ:
ਸਤਿਗੁਰ ਹਿੰਦੂਆਂ ਦਾ ਧਰਮ ਧਾਮ ਹੈਂ ਤੂੰ।

ਜੇ ਤੁਸਾਂ ਕੀਤੀ ਕਰਨੀ ਕਿਸੇ ਨਹੀਂ,
ਨਾ ਕੋਈ ਜੰਮਿਆ ਕਰ ਕੇ ਵਿਖਾਣ ਵਾਲਾ।

ਆਪਣੇ ਵਾਸਤੇ ਮਰਦੇ ਸਭ 'ਬਾਲਮ'
ਹਿੰਦ ਲਈ ਤੂੰ ਸੀਸ ਕਟਾਣ ਵਾਲਾ।

ਦਿਲ ਤੇਰਾ

ਜਦੋਂ ਪਿਤਾ ਜੀ ਸੁਣੇ ਸ਼ਹੀਦ ਹੋਏ,
ਹੱਸਦਾ ਚਿਹਰਾ ਮੁਰਝਾਇਆ ਨਾ ਦਿਲ ਤੇਰਾ।
ਵਡੇ ਪੁਤਰ ਚਮਕੌਰ ਕਟਵਾ ਕੇ ਵੀ,
ਜ਼ਰਾ ਜਿੰਨਾ ਪਛਤਾਇਆ ਨਾ ਦਿਲ ਤੇਰਾ।
ਜਦੋਂ ਨਿਕੇ ਗਏ ਚਿਣੇ ਦੀਵਾਰ ਦੇ ਵਿਚ,
ਫਿਰ ਭੀ ਜ਼ਰਾ ਘਬਰਾਇਆ ਨਾ ਦਿਲ ਤੇਰਾ।
ਕਿਲ੍ਹਾ ਛਡਿਆ ਤੇ ਤਖਤ ਤਾਜ ਛਡੇ,
ਤਾਂ ਵੀ ਜ਼ਰਾ ਸੁਸਤਾਇਆ ਨਾ ਦਿਲ ਤੇਰਾ।

ਤੇਰਾ ਦਿਲ ਹਿਮਾਲਾ ਦੀ ਹੈ ਚੋਟੀ,
ਸੱਟਾਂ ਖਾ ਖਾ ਕੇ ਫਿਰ ਵੀ ਡੋਲਿਆ ਨਾ।
ਮਾਤਾ ਪਿਤਾ ਸਰਬੰਸ ਕੁਰਬਾਨ ਕਰ ਕੇ,
ਇਕ ਵਾਰ ਵੀ ਹਾਏ ਤੂੰ ਬੋਲਿਆ ਨਾ।

(ਗੁਰੂ ਜੀ ਦਾ ਫੁਰਮਾਨ)

ਜੇ ਮੈਂ ਪਿਤਾ ਦਾ ਸੀਸ ਕੁਰਬਾਨ ਕੀਤਾ,
ਹੋਇਆ ਇਸ ਵਿਚ ਮੇਰਾ ਵੈਰਾਨ ਕੀ ਏ ?
ਵਡੇ ਪੁਤ ਚਮਕੌਰ ਚਿਰਾਏ ਬੇਸ਼ਕ,
ਤਾਂ ਫਿਰ ਇਸ ਵਿਚ ਹੋਣਾ ਹੈਰਾਨ ਕੀ ਏ ?

ਛੋਟੇ ਦੋ ਚਿਣਵਾਏ ਜੇ ਨੀਹਾਂ ਅੰਦਰ;
ਸਿੰਘੋ ਤੁਸਾਂ ਦੇ ਸਿਰ ਅਹਿਸਾਨ ਕੀ ਏ ?
ਭਾਵੇਂ ਮਾਤਾ ਜੀ ਵੀ ਲਗੇ ਇਸ ਲੇਖੇ;
ਹੋਇਆ ਇਸ ਵਿਚ ਮੇਰਾ ਵੈਰਾਨ ਕੀ ਏ ?

ਜਿਸ ਸੀ ਕਰਜ਼ ਕਰਤਾਰ ਦਾ ਸਿਰ ਮੇਰੇ;
ਸ਼ੁਕਰ ਹੋਇਆ ਕਿ ਅਜ ਉਤਾਰਿਆ ਮੈਂ ।
ਚਾਰ ਕਤਲ ਕਰਾ ਕੇ ਪੁਤ 'ਬਾਲਮ'
ਪੰਥ ਖਾਲਸਾ ਝੋਲੀ ਪਵਾ ਲਿਆ ਮੈਂ ।

ਮਾਤਾ ਸੁੰਦਰੀ

(ਤਰਜ਼—ਮੇਰੇ ਗਮ ਕੇ ਸਹਾਰੇ ਆ ਜਾ) (ਨਾਗਨ)

ਕਿਥੇ ਗਏ ਮੇਰੇ ਲਾਲ ਪਿਆਰੇ,
ਛਡ ਆਏ ਕਿਥੇ ਰਾਜ ਦੁਲਾਰੇ ।
ਬੋਲੋ ਬੋਲੋ ਜੀ ਪੀਆ,
ਭੇਦ ਖੋਲੋ ਜੀ ਪੀਆ । ਕਿਥੇ...

ਮੇਰੇ ਅਜੀਤ ਤੇ ਜੁਝਾਰ,
ਕਿਤੇ ਦਿਸ਼ਦੇ ਨਹੀਂ ਕਿਥੇ ਗਏ ।
ਜ਼ੋਰਾਵਰ ਤੇ ਫਤਹ ਕਿਥੇ ਗਏ,
ਕਿਥੇ ਗਏ ਕਿਥੇ ਗਏ ।

ਰੋ ਰੋ ਕਹਿੰਦੀ ਹੈ ਪਲੱਕ,
ਹੁਣ ਪੈਣੀ ਨਹੀਂ ਝਲਕ ।
ਉਹ ਚਾਂਦ ਉਹ ਚਾਂਦ,
ਤੂੰ ਕਿਸ ਥਾਂ ਵਿਸਾਰ, ਬੋਲੋ...

ਮੇਰੇ ਦਿਲ ਦੀ ਸੀ ਆਸ,
ਲਾਲਾਂ ਨੂੰ ਵਿਆਹੂੰਗੀ ਵਿਆਹੂੰਗੀ।
ਡੋਲੇ ਨੌਹਾਂ ਦੇ ਮਨਾ ਕੇ ਸ਼ਗਨ,
ਲਿਆਊਂਗੀ ਲਿਆਊਂਗੀ।

ਪੂਰੀ ਹੋਈ ਨਾ ਮੁਰਾਦ,
ਸਗੋਂ ਹੋਈ ਬਰਬਾਦ।
ਓਹ ਲਾਲ ਓਹ ਲਾਲ,
ਤੂੰ ਕਿਧਰ ਖਿਲਾਰੇ, ਬੋਲੋ...

ਮੈਂ ਉਡਾਂਵਦੀ ਸਾਂ ਕਾਗ,
ਲਾਲ ਘਰ ਆਉਣਗੇ ਆਉਣਗੇ।
ਸੀਨੇ ਲੱਗ ਕੇ ਚੰਨ,
ਠੰਡ ਪਾਉਣਗੇ ਪਾਉਣਗੇ।

ਐਵੇਂ ਝੂਠੀ ਸੀ ਇਹ ਆਸਾ,
ਜਿਹੜੀ ਪਰਤ ਗਈ ਪਾਸਾ।
ਉਹ ਯਾਦ ਉਹ ਯਾਦ,
ਕਰ 'ਬਾਲਮ' ਪੁਕਾਰੇ, ਬੋਲੋ...

ਗੁਰੂ ਜੀ ਦਾ ਕਹਿਣਾ

(ਤਰਜ਼--ਟੁਟੀ ਅੱਧ ਵਿਚੋਂ...)

ਚਾਰ ਪੁਤਰ ਦੇ ਕੇ ਤੂੰ,
ਕੀ ਕਰਨੀਆਂ ਵੀਚਾਰਾਂ ਨੇ।
ਤੇਰੀ ਗੋਦ ਵਿਚ ਬੈਠੇ,
ਪੁਤਰ ਹਜ਼ਾਰਾਂ ਨੇ।

ਇਹਨਾਂ ਪੁਤਰਾਂ ਤੋਂ ਪੁਤ ਵਾਰ,
ਆਇਆ ਚਾਰੇ ਮੈਂ।
ਇਹਨਾਂ ਦੀ ਬਚਾਈਂ ਜਿੰਦ,
ਕੀਤੇ ਉਹ ਲੰਗਾਰੇ ਮੈਂ,
ਤੇਰੇ ਬਚਿਆਂ ਦੀਆਂ ਤਾਂ,
ਬਣੀਆਂ ਦੀਵਾਰਾਂ ਨੇ,
ਚਾਰ ਪੁਤ...

ਅਜੀਤ ਤੇ ਜੁਝਾਰ,
ਇਹਨਾਂ ਸਿੰਘਾਂ ਨੂੰ ਬਣਾਈਂ ਤੂੰ।
ਗੋਦ 'ਚ ਬਿਠਾ ਕੇ,
ਇਹਨਾਂ ਲਾਲਾਂ ਨੂੰ ਖਿਡਾਈਂ ਤੂੰ।
ਵਿਚ ਚਮਕੌਰ ਉਹ ਤਾਂ,
ਵਰੇ ਤਲਵਾਰਾਂ ਨੇ।
ਚਾਰ ਪੁਰ...

ਪੰਥ ਦਾ ਬਣਾਇਆ ਮਹਿਲ,
ਪੁਤ ਤੇਰੇ ਚਿਣ ਚਿਣ।
ਤਾਰੀਆਂ ਅਕਾਲ ਦੀਆਂ,
ਕਿਸ਼ਤਾਂ ਮੈਂ ਗਿਣ ਗਿਣ।

ਸਿਖ ਪੰਥ ਤਾਈਂ ਸਦਾ,
"ਬਾਲਮ" ਬਹਾਰਾਂ ਨੇ।
ਚਾਰ ਪੁਤ...

ਬੰਦਾ ਸਿੰਘ ਜੀ ਵਜੀਏ ਨੂੰ

[ਤਰਜ਼–ਉਹ ਵੇਲਾ ਯਾਦ ਕਰ]

ਜਦ ਬੰਦਾ ਸਿੰਘ ਜੀ ਹੁਰਾਂ ਵਜੀਏ ਨੂੰ ਪਕੜ ਕੇ ਸਖ਼ਤ ਸਜ਼ਾ ਦਿਤੀ ਤਾਂ ਵਜੀਏ ਕਿਹਾ, ਮੇਰੇ ਤੇ ਤਰਸ ਕਰੋ ਤਾਂ ਬੰਦਾਸਿੰਘ ਜੀ ਨੇ ਵਜੀਏ ਨੂੰ ਕਿਹਾ ਵਜੀਏ ਉਹ ਵੇਲਾ ਯਾਦ ਕਰ

ਉਹ ਵੇਲਾ ਯਾਦ ਕਰ, ੨
ਜਦ ਨੀਹਾਂ 'ਚ ਲਾਲ ਖਿਲ੍ਹਾਰ ਕੇ,
ਦੋਵੇਂ ਮਾਰ ਕੇ ਖ਼ੂਨ ਚਿਤਾਰ ਕੇ,
ਖ਼ੁਸ਼ੀ ਮਨਾਦਾ ਸੈਂ, ਉਹ...

ਜਦ ਛੋਟੀਆਂ ਛੋਟੀਆਂ,
ਸੋਹਣੀਆਂ ਜਿੰਦਾਂ ਆਈਆਂ ਸੀ।
ਜਦ ਸ਼ਰ੍ਹਾ ਦੀਆਂ ਤੂੰ,
ਛੁਰੀਆਂ ਤੇਜ਼ ਕਰਾਈਆਂ ਸੀ।

ਜਦ ਠੰਡੇ ਬੁਰਜ 'ਚ ਠਾਰ ਕੇ,
ਦੋਵੇਂ ਵੀਰ ਤੂੰ ਭੁਖਿਆਂ ਮਾਰ ਕੇ।
ਪਿਆ ਤੜਪਾਂਦਾ ਸੈਂ,
ਉਹ ਵੇਲਾ...

ਜਦ ਝੂਠੀਆਂ ਕਸਮਾਂ ਖਾ ਕੇ,
ਕਿਲ੍ਹਾ ਛੁਡਾਇਆ ਸਈ।
ਜਦ ਦੱਸ ਲੱਖ ਫੌਜ ਦਾ,
ਹਮਲਾ ਗੜ੍ਹੀ ਕਰਾਇਆਂ ਸਈ।
ਜਦ ਅਜੀਤ ਅਤੇ ਜੁਝਾਰ ਨੂੰ,
ਬਰਛੇ ਮਾਰ ਕੇ ਖੂਨ ਚਿਤਾਰ ਕੇ,
ਹੱਸ ਵਖਾਂਦਾ ਸੈਂ,
ਉਹ ਵੇਲਾ...
ਹੁਣ ਦੱਸ ਮੈਂ ਤੈਨੂੰ,
ਕਿਹੜੀ ਮੌਤੇ ਮਾਰਾਂ ਓਏ।
ਮੈਂ ਸਾੜ ਕੇ ਕਰਾਂ ਸਵ੍ਹਾ,
ਜਾਂ ਸੂਲੀ ਚਾਹੜਾਂ ਓਏ।
ਤੇਰੇ ਖੂੰਨ ਦੀ ਮਹਿੰਦੀ ਲਾਉਣੀ,
'ਬਾਲਮ' ਈਦ ਹੈ ਅੱਜ ਮਨਾਉਣੀ।
ਜਿਵੇਂ ਮਨਾਂਦਾ ਸੈਂ,
ਉਹ ਵੇਲਾ...

ਮਹਾਂ ਰਿਸ਼ੀ ਪੰਡਤ ਸ਼ਿਵਦੱਤ ਜੀ

ਇਕ ਦਿਨ ਪੰਡਤ ਸ਼ਿਵਦਤ ਜੀ ਜੋ ਬੜੇ ਮਹਾਨ ਵਿਦਵਾਨ ਤੇ ਉਚੀ ਮੰਜ਼ਲ ਦੇ ਰਿਸ਼ੀ ਵੀ ਸਨ, ਪਟਨੇ ਸ਼ਹਿਰ ਦੇ ਕੋਲ ਵੱਗ ਰਹੀ ਨਦੀ ਦੇ ਕਿਨਾਰੇ ਆਪਣਾ ਆਸਨ ਜਮਾ ਕੇ ਬੈਠ ਗਏ ਤੇ ਲਡੂਆਂ ਦਾ ਥਾਲ ਭਰ ਕੇ ਅਗੇ ਰਖਿਆ। ਰੋਜ਼ਾਨਾ ਏਸ ਤਰ੍ਹਾਂ ਬੈਠ ਕੇ ਤਾੜੀ ਲਾਉਣ ਤੇ ਨਾਲੇ ਕਹਿਣ, "ਹੇ ਮੇਰੇ ਰਾਮ ਜੀ, ਆਓ, ਲਡੂਆਂ ਨੂੰ ਭੋਗ ਲਾਓ ਤੇ ਮੈਨੂੰ ਦਰਸ਼ਨ ਦਿਓ। ਜਦ ਤਕ ਦਰਸ਼ਨ ਨਾ ਦਿਓਗੇ ਤਦ ਤਕ ਮੈਂ ਪਟਨੇ ਦੀਆਂ ਗਲੀਆਂ ਵਿਚ ਪੈਰ ਨਹੀਂ ਪਾਵਾਂਗਾ। ਇਸ ਪੋਹ ਮਹੀਨੇ ਦੀ ਬਰਫ਼ ਤੇ ਸਰਦੀ ਨਾਲ ਏਥੇ ਹੀ ਪ੍ਰਾਨ ਦੇ ਦੇਵਾਂਗਾ।" ਆਪ ਹਠੀ ਪੂਰੇ ਸਨ।

ਪੰਡਤ ਜੀ ਦੀ ਅਰਦਾਸ ਸੁਣ ਕੇ ਗੋਬਿੰਦ ਰਾਏ ਸਾਥੀਆਂ ਸਮੇਤ ਰੋਜ਼ਾਨਾ ਪੰਡਤ ਹੁਰਾਂ ਦੇ ਲਡੂ ਖਾ ਜਾਣ। ਪੰਡਤ ਜੀ ਅਖਾਂ ਖੋਹਲ ਕੇ ਰੋਜ਼ ਖਾਲੀ ਥਾਲੀ ਵੇਖ ਕੇ ਹੈਰਾਨ ਹੋਵਣ।

ਇਕ ਦਿਨ ਕਿਸੇ ਸ਼ਖ਼ਸ ਨੇ ਕਿਹਾ, "ਪੰਡਤ ਜੀ ਤੁਹਾਡੇ ਲੱਡੂ ਗੁਰੂ ਤੇਗ ਬਹਾਦਰ ਦੇ ਸਪੁਤਰ ਗੋਬਿੰਦ ਰਾਏ ਰੋਜ਼ ਖਾ ਜਾਂਦੇ ਹਨ ਤੇ ਹੁਣ ਵੀ ਆਉਣ ਵਾਲੇ ਹਨ। ਇਹ ਸੁਣਕੇ ਪੰਡਤ ਜੀ ਨੂੰ ਬੜਾ ਗੁਸਾ ਆਇਆ ਤੇ ਨੇਤਰ ਲਾਲ ਕਰ ਕੇ ਬੜੇ ਕਹਿਰ ਨਾਲ ਕਹਿਣ ਲਗੇ:–

ਤੋੜ ਡਾਰੂੰ ਟੰਗਰੀ ਮੈਂ ਲੰਗੜੀ ਬਨਾਊਂ ਆਜ,
ਛੋਟਾ ਸਾ ਯੇਹ ਛੋਕਰਾ ਸਤਾਏ ਮੋਹਿ ਰੋਜ਼ ਰੋਜ਼।
ਲਗੇ ਜਾਂ ਸਮਾਧੀ ਆ ਕੇ ਊਂਚੀ ਊਂਚੀ ਕਰੇ ਸ਼ੋਰ,
ਕਾਮ ਕਾਜ ਬਿਨ ਯੇਹ ਬੁਲਾਏ ਮੋਹਿ ਰੋਜ਼ ਰੋਜ਼।
ਚੋਰੀ ਚੋਰੀ ਖਾਏ ਲਡੂ ਰਾਮ ਜੀ ਕੇ ਚਟਾ ਨਿਤ੍,
ਲਕੜੀ ਬਗੈਰ ਯੇਹ ਜਲਾਏ ਮੋਹਿ ਰੋਜ਼ ਰੋਜ਼।
ਜ਼ਿੰਦਾ ਨਹੀਂ ਜਾਨੇ ਦੂੰਗਾ ਚੋਟੇ ਕੋ ਜੇ ਆਇਆ ਆਜ,
ਧਰਤ ਲਿਟਾਊਂ ਮੋਰੀ ਜਾਨ ਖਾਏ ਰੋਜ਼ ਰੋਜ਼।
ਆਈ ਥੀ ਆਵਾਜ਼ ਰਾਜ਼ ਭਰੀ ਕਾਲੇ ਬਾਦਲੋਂ ਸੇ,
ਹੋਇਕੇ ਹੈਰਾਨ ਲੋਗ ਸੁਨਤ ਤਮਾਮ ਹੈਂ।
ਕਰੇਂ ਪਾਠ ਪੂਜਾ ਰੋਜ਼ ਜਿਸ ਕੇ ਨਮਿਤ ਬਿਪ,
ਜਿਸਕਾ ਧਿਆਨ ਧਰੇਂ ਤੂੰ ਸੁਬ੍ਹਾ ਸ਼ਾਮ ਹੈਂ।
ਭਰ ਥਾਲ ਲਡੂਓਂ ਕਾ ਜਿਸੇ ਤੂੰ ਪੁਕਾਰ ਕਰੇਂ,
ਦੀਦ ਕੇ ਨਮਿਤ ਨਿਤ ਜਪੇਂ ਜਾਂਕਾ ਨਾਮ ਹੈਂ।
ਵੋਹੀ ਨਿਤ ਆਏ ਲਡੂ ਖਾਏਂ ਤੇਰੇ ਚੋਰੀ ਚੋਰੀ,
ਜਿਸ ਕਹੇਂ ਛੋਕਰਾ ਵੋਹੀ ਤੋ ਤੇਰਾ ਰਾਮ ਹੈਂ।

ਪਕਰ ਕਰ ਖਾਨੇ ਲਡੂ ਕੋ ਲਗੇ ਜਬੇ ਨਾਥ,
ਬਿਪ ਨੇ ਪਕੜ ਲੀਨੋ ਬਲ ਸਾਰੋ ਧਾਰ ਜੀ।
ਚੋਰੀ ਖਾਓ ਲਡੂ ਨਿਤ ਦਿਓ ਨਾ ਦੀਦਾਰ ਨਾਥ,
ਆਛੀ ਆਪ ਪਕੜੀ ਲੁਟੇਰੋਂ ਜੈਸੀ ਕਾਰ ਜੀ।
ਬਣ ਕੇ ਕੁਮਾਰ ਫਿਰੇਂ ਪਟਨੇ ਕੀ ਗਲੀਓਂ ਮੇਂ,
ਜਾਨ ਲੀਤਾ ਮੈਂ ਨੇ ਤੂੰ ਹੈ ਰਾਮ ਅਵਤਾਰ ਜੀ।
ਆਜ ਤੋ ਨਾ ਜਾਨੇ ਦੂੰਗਾ ਨਾ ਹੀ ਲੱਡੂ ਖਾਨੇ ਦੂੰਗਾ,
ਰਾਮ ਬਨ ਜਬ ਤਕ ਦੋਗੇ ਨਾ ਦੀਦਾਰ ਜੀ।

ਕਹਿਣੇ ਲਗੇ ਬਿਪ ਕੋ ਦੀਦਾਰ ਕਰੋ ਪੰਡਤ ਜੀ,
ਰਾਮ ਬਣ ਖੜੇ ਦੇਖਾ ਤੇਜ ਸਬ ਬੜੀ ਥੀ।
ਤੀਰਨ ਚਾ ਭੱਥਾ ਕੰਥੇ ਲਟਕੇ ਕਮਾਨ ਸਾਥ,
ਸੁੰਦਰ ਪੁਸ਼ਾਕ ਹੀਰੇ ਲਾਲ ਮੇਂ ਜੜੀ ਥੀ।
ਲਖ਼ਣ ਭਰਾਤਾ ਦੋਹਣੀਂ ਤਰਫ ਦਿਖਾਈ ਦੀਏ,
ਰਾਮ ਜੀ ਕੇ ਕੰਧੇ ਹਾਥ ਰਾਖੇ ਸੀਤਾ ਖੜੀ ਥੀ।
ਹਨੂੰਮਾਨ ਖੜਾ ਹਾਥ ਜੋੜ ਕੇ ਦਿਖਾਈ ਦੀਆ,
ਕਹਿਣ ਲਗੇ ਬਿਪ ਨਾਥ ਆਏ ਸੁਭ ਘੜੀ ਥੀ।

ਵਿਸ਼ਨੂੰ ਕਹੂੰ ਤੋਂ ਸ਼ੇਸ਼ ਸ਼ੇਜਾ ਪੇ ਦਿਖਾਈ ਦੇਤ,
ਸ਼ੰਕਰ ਕਹੂੰ ਤੋ ਗੰਗ ਜਟਾ ਸੇ ਬਹਾਤ ਹੈ।

ਬਿਧਨਾ ਕਹੂੰ ਤੋ ਚਾਰੋ ਮੁਖ ਸੇ ਆਂਵਾਜ਼ ਦੇਤ,
ਵਾਚ ਵਾਚ ਕਥਾ ਬੈਠ ਵੇਦੋਂ ਕੀ ਸੁਨਾਤ ਹੋ।
ਰਾਮ ਜੀ ਕਹੂੰ ਤੋ ਰਾਮ ਬਨ ਕੇ ਨਿਹਾਰਤ ਹੋ,
ਕ੍ਰਿਸ਼ਨ ਕਹੂੰ ਤੋ ਬੈਠ ਬੰਸਰੀ ਬਜਾਤ ਹੋ।
'ਬਾਲਮ' ਕੇ ਈਸ਼ ਗੋਬਿੰਦ ਮ੍ਰਿਗਿੰਦ ਗੁਰੂ,
ਜੋਈ ਜੋਈ ਕਹੂੰ ਸੋਈ ਬਨ ਕੇ ਦਿਖਾਤ ਹੋ।

ਦਰਬਾਰੇ ਗੁਰੂ ਗੋਬਿੰਦ ਸਿੰਘ

ਸ਼ਾਹੀ ਭੀ ਫਕੀਰੀ ਥੀਂ,
ਉਸ ਦਰਬਾਰ ਕੀ ਬਾਂਦੀ।
ਅਨਖ਼ ਭੀ ਆਨ ਭੀ ਦੇਖੀ,
ਮੈਂ ਕਲਗ਼ੀ ਧਾਰ ਕੀ ਬਾਂਦੀ।

ਖੁਦਾ ਤਰਸੀ ਵਤਨ ਖਿਦਮਤ,
ਸਦਾ ਹੀ ਨਾਚ ਕਰਤੀ ਹੈਂ।
ਭਗਤੀ ਬੀਰਤਾ ਦੌਲਤ,
ਗੁਰ ਕਾ ਆਬ ਭਰਤੀ ਹੈਂ।

ਧੀਰਜ ਸ਼ਾਂਤ ਸਬ ਸ਼ਕਤੀ,
ਗੁਰ ਕੇ ਖੜੀਂ ਥੀਂ ਹਾਜ਼ਰ।
ਰਹਿਮਤ ਮੌਲਾ ਕੇ ਘਰ ਕੀ,
ਗੁਰੂ ਕੇ ਪੜੀ ਥੀਂ ਹਾਜ਼ਰ।

ਅਜਲ ਮੈਂ ਕਾਂਪਤੀ ਦੇਖੀ,
ਵਾ ਅਜ਼ਰਾਈਲ ਆਂਖੋਂ ਸੇ।
ਵਹੀ ਆਂਖੋਂ ਸੇ ਮੈਂ ਦੇਖਾ,
ਵਾ ਜਬਰਾਈਲ ਆਂਖੋਂ ਸੇ।

ਕਾਂਪ ਕਰ ਕਹ ਰਹੇ ਦੇਖੇ
ਵੁਹ ਮੇਂ ਦਰਬਾਰ ਸਤਿਗੁਰ ਕੇ।
ਹੈਂ ਖਿਦਮਤਗ਼ਾਰ ਸਤਿਗੁਰ ਕੇ,
ਹੈਂ ਸੇਵਾਦਾਰ ਸਤਿਗੁਰ ਕੇ।

ਖੁਦਾ ਕੀ ਕਸਮ ਹੈ 'ਬਾਲਮ'
ਜੋ ਹੈ ਦਰਬਾਰ ਸਤਿਗੁਰੂ ਕਾ।
ਅੱਲਾ ਕਾ ਘਰ ਜਿਸੇ ਕਹਿਤੇ,
ਹੈ ਵੁਹ ਘਰ ਬਾਰ ਸਤਿਗੁਰ ਕਾ।

★

ਸਿਖ ਸੂਬੇ ਨੂੰ

ਮੈਂ ਸਿਖ ਹਾਂ ਸਿਖਿਆ ਸਿਖ ਆਇਆ,
ਸਿਖੇ ਹੋਏ ਨੂੰ ਫੇਰ ਸਿਖਾਵਣਾ ਕੀ।
ਖੰਡੇ ਧਾਰ ਦੇ ਭੱਠੇ 'ਚ ਪੱਕ ਆਇਆ,
ਪੱਕੇ ਹੋਏ ਨੂੰ ਫੇਰ ਪਕਾਵਣਾ ਕੀ।
ਅੰਗ ਅੰਗ ਕਟੋਣਾ ਮੰਨ ਆਇਆ,
ਮੰਨੇ ਹੋਏ ਨੂੰ ਫੇਰ ਮਨਾਵਨਾ ਕੀ।
ਜੇਕਰ ਮੌਤ ਹੈ ਆਈ ਮਹਿਬੂਬ ਬਣ ਕੇ,
ਉਰ੍ਹਾਂ ਔਣ ਦੇ ਪਰ੍ਹਾਂ ਪ੍ਰਤਾਵਨਾ ਕੀ।

ਦੁਖ ਦਰਦ ਮੁਸੀਬਤਾਂ ਮੌਤ ਤਕ ਕੇ,
ਕਦੀ ਸੁਖ ਸਵਾਦ ਨਾ ਲੋੜੀਏ ਜੀ।
ਨਾਵੇਂ ਪਾਤਸ਼ਾਹ ਦਾ ਸਾਨੂੰ ਹੁਕਮ ਸੂਬੇ,
ਧਰ ਪਈਏ ਧਰਮ ਨਾ ਛੋੜੀਏ ਜੀ।

ਚੜ੍ਹਨ ਆਇਆ ਨਹੀਂ ਮੈਂ ਤੇਰੇ ਤਖ਼ਤ ਉਤੇ,
ਮੇਰਾ ਸੂਲੀ ਤੇ ਚੜ੍ਹਨ ਨੂੰ ਜੀ ਕਰਦਾ
ਪੜ੍ਹਨ ਆਇਆ ਨਹੀਂ ਕਲਮਾਂ ਕੁਰਾਨ ਤੇਰਾ,
ਪ੍ਰਚਾ ਮੌਤ ਦਾ ਪੜ੍ਹਨ ਨੂੰ ਜੀ ਕਰਦਾ
ਸੜਨ ਆਇਆ ਨਹੀਂ ਸ਼ਰ੍ਹਾ ਦੀ ਅੱਗ ਅੰਦਰ,
ਮੇਰਾ ਭੱਠੀ ਵਿਚ ਸੜਨ ਨੂੰ ਜੀ ਕਰਦਾ
ਵੜਨ ਆਇਆ ਨਹੀਂ ਤੇਰੇ ਬਹਿਸ਼ਤ ਅੰਦਰ,
ਮੇਰਾ ਦੋਜ਼ਖ ਵਿਚ ਵੜਨ ਨੂੰ ਜੀ ਕਰਦਾ
ਕੌਸਰ ਆਬੇ-ਹ-ਯਾਤ ਤੇ ਮੈਂ ਜ਼ਮ ਜ਼ਮ,
ਇਸਦੇ ਵਿਚ ਕਿਉਂ ਧਰਮ ਨੂੰ ਬੋੜੀਏ ਜੀ
ਨਾਵੇਂ ਪਾਤਸ਼ਾਹ ਦਾ ਸਾਨੂੰ ਹੁਕਮ ਸੂਬੇ,
ਧਰ ਪਈਏ ਧਰਮ ਨ ਛੋੜੀਏ ਜੀ
ਖਾਣ ਆਇਆ ਨਹੀਂ ਕੀਮੇ ਕਬਾਬ ਤੇਰੇ,
ਵਾਰ ਤੇਗ ਦਾ ਖਾਣ ਨੂੰ ਜੀ ਕਰਦਾ
ਜਾਣ ਆਇਆ ਨਹੀਂ ਤੇਰੀ ਮਸੀਤ ਅੰਦਰ,
ਮੇਰਾ ਕਤਲਗਾਹ ਜਾਣ ਨੂੰ ਜੀ ਕਰਦਾ
ਗੌਣ ਆਇਆ ਨਹੀਂ ਬਾਂਗ ਮੁਸੀਤ ਚੜ੍ਹ ਕੇ,
ਮਾਰੂ ਮੌਤ ਦਾ ਗਾਣ ਨੂੰ ਜੀ ਕਰਦਾ
ਲਾਉਣ ਆਇਆ ਨਹੀਂ ਡੇਰਾ ਮਹੱਲ ਅੰਦਰ,
ਡੇਰਾ ਕਤਲਗਾਹ ਲਾਉਣ ਨੂੰ ਜੀ ਕਰਦਾ

ਧਰਮ ਦੇ ਕੇ ਕੁਕੜ ਕਬਾਬ ਕੀਮੇ,
ਅਸੀਂ ਖਾਣ ਦੇ ਲਈ ਨਾ ਲੋੜੀਏ ਜੀ।
ਨਾਵੇਂ ਪਾਤਸ਼ਾਹ ਦਾ ਸਾਨੂੰ ਹੁਕਮ ਸੂਬੇ,
ਧਰ ਪਈਏ ਧਰਮ ਨਾ ਛੋੜੀਏ ਜੀ।
ਲੁਹਾਉਣ ਆਇਆ ਨਹੀਂ ਸੀਸ ਤੋਂ ਕੇਸ ਇਕ ਵੀ,
ਮੇਰਾ ਖੋਪਰ ਲਹੌਣ ਨੂੰ ਜੀ ਕਰਦਾ।
ਕਟਾਉਣ ਆਇਆਂ ਨਹੀਂ ਮੁੱਛ ਦਾ ਵਾਲ ਸੂਬੇ,
ਬੰਦ ਬੰਦ ਕਟਾਉਣ ਨੂੰ ਜੀ ਕਰਦਾ।
ਚਰਾਉਣ ਆਇਆ ਨਹੀਂ ਅਣਖ਼ ਤੇ ਆਣ ਦਾ ਦਿਲ,
ਮੇਰਾ ਤਨ ਮਨ ਚਿਰੌਣ ਨੂੰ ਜੀ ਕਰਦਾ।
ਵਿਆਹੁਣ ਆਇਆ ਨਹੀਂ ਡੋਲੇ ਕੰਵਾਰੀਆਂ ਦੇ,
ਮੇਰਾ ਮੌਤ ਵਿਆਉਣ ਨੂੰ ਜੀ ਕਰਦਾ।
ਜਿਸ ਦੇ ਮਿਲਿਆ ਧਰਮ ਦੀ ਸ਼ਾਨ ਵਧੇ,
ਐਸੀ ਮੌਤ ਨੂੰ ਮੂਲ ਨਾ ਮੋੜੀਏ ਜੀ।
ਨਾਵੇਂ ਪਾਤਸ਼ਾਹ ਦਾ ਸਾਨੂੰ ਹੁਕਮ ਸੂਬੇ,
ਧਰ ਪਈਦੇ ਧਰਮ ਨ ਛੋਡੀਏ ਜੀ।
ਉਨ੍ਹਾਂ ਤਖ਼ਤ ਤੇ ਚੜ੍ਹ ਕੇ ਕੀ ਲੈਣਾ,
ਸੂਲੀ ਅਨਖ ਦੀ ਤੇ ਜਿਹੜੇ ਚੜ੍ਹੇ ਹੋਵਣ।
ਉਨ੍ਹਾਂ ਤਾਈਂ ਕੀ ਕੀਲਣਾ ਸ਼ਰ੍ਹਾ ਤੇਰੀ,
ਨਾਗ ਜਿਨ੍ਹਾਂ ਨੂੰ ਅਨਖ ਦੇ ਲੜੇ ਹੋਵਣ।

ਉਨ੍ਹਾਂ ਸੜਨਾ ਕੀ ਸ਼ਰ੍ਹਾ ਦੀ ਅੱਗ ਅੰਦਰ,
ਜਿਹੜੇ ਪ੍ਰੇਮ ਦੀ ਚਿਖਾ ਵਿਚ ਸੜੇ ਹੋਵਣ।
ਉਨ੍ਹਾਂ ਪੜ੍ਹਨਾ ਕੀ ਸ਼ਰ੍ਹਾ ਕੀ ਸਪਾਰਿਆਂ ਨੂੰ,
ਜਿਹੜੇ ਗੁਰੂ ਗਰੰਥ ਨੂੰ ਪੜ੍ਹੇ ਹੋਵਣ।
ਤਖਤ ਤਾਜ ਤੇ ਜੰਨਤ ਨੂੰ ਮਾਰ ਠੁਡੇ,
ਕਤਲਗਾਹ ਦੇ ਵਲ ਨੂੰ ਦੌੜੀਏ ਜੀ।
ਨਾਵੇਂ ਪਾਤਸ਼ਾਹ ਦਾ ਸਾਨੂੰ ਹੁਕਮ ਸੂਬੇ,
ਧਰ ਪਈਏ ਧਰਮ ਨਾ ਛੋੜੀਏ ਜੀ।

ਝੁਕ ਗਿਆ ਜੋ ਸਿਰ ਦਸਮੇਸ਼ ਅਗੇ,
ਕਿਸੇ ਗੈਰ ਦੇ ਸਾਹਮਣੇ ਝੁਕਦਾ ਨਹੀਂ।
ਪੱਲੇ ਪਈ ਦਸਮੇਸ਼ ਦੀ ਖਾਕ ਜਿਸਦੇ,
ਤਾਜ ਤਖਤ ਉਤੇ ਫਿਰ ਉਹ ਥੁਕਦਾ ਨਹੀਂ।
ਜਿਸਦੇ ਸਿਰ ਤੇ ਸਿਖੀ ਦਾ ਤਾਜ ਹੋਵੇ,
ਫਿਰ ਉਹ ਸ਼ਰ੍ਹਾ ਦੀ ਗੱਠੜੀ ਚੁਕਦਾ ਨਹੀਂ।
ਤੂੰ ਕੀ ਰੋਕਣਾ ਏਂ ਮੈਨੂੰ ਸਿਖੀ ਵਲੋਂ,
ਮੈਂ ਰੱਬ ਦੇ ਰੋਕਿਆਂ ਰੁਕਦਾ ਨਹੀਂ।

ਜਿਸਦੀ ਖ਼ਾਕ ਤ੍ਰਲੋਕੀ ਦੀ ਸ਼ਾਹੀ ਬਖਸ਼ੇ,
ਐਸੇ ਗੁਰੂ ਨੂੰ ਕਿਸ ਤਰ੍ਹਾਂ ਛੋੜੀਏ ਜੀ।
ਨਾਵੇਂ ਪਾਤਸ਼ਾਹ ਦਾ ਸਾਨੂੰ ਹੁਕਮ ਸੂਬੇ,
ਧਖ ਪਈਏ ਧਰਮ ਨਾ ਛੋੜੀਏ ਜੀ।

ਸਿਰ ਤੇ ਗਰਮ ਅੰਗਿਆਰ ਦੀ ਹੋਵੇ ਬਾਰਸ਼,
ਤੱਤੀ ਲੋਹ ਦੀ ਥਲੇ ਵਿਛਾਈ ਹੋਵੇ।
ਆਰਾ ਚੱਲਦਾ ਹੋਵੇ ਚਾਹੇ ਵਿਚ ਮੱਥੇ,
ਸੂਲੀ ਉਤੇ ਵੀ ਚੌਂਕੜੀ ਲਾਈ ਹੋਵੇ।
ਪਹੀਏ ਇੰਜਣ ਦੇ ਸੀਨੇ ਵਿਚ ਹੋਣ ਖੁਭੇ,
ਪੁਠੀ ਕਰ ਕੇ ਖੱਲ ਲੁਹਾਈ ਹੋਵੇ।
ਇਕ ਵਾਰ ਨਾ ਮੁਖ ਚੋਂ ਸੀ ਨਿਕਲੇ,
ਕੌਮ ਲੇਖੇ ਜੇ ਜ਼ਿੰਦਗੀ ਲਾਈ ਹੋਵੇ।

ਹੱਥ ਅੰਮ੍ਰਿਤ ਦਾ ਘੜਾ ਜੇ ਹੋਵੇ 'ਬਾਲਮ',
ਲੈ ਕੇ ਜ਼ਹਿਰ ਕਿਉਂ ਉਸਨੂੰ ਫੋੜੀਏ ਜੀ।
ਨਾਵੇਂ ਪਾਤਸ਼ਾਹ ਦਾ ਸਾਨੂੰ ਹੁਕਮ ਸੂਬੇ,
ਧਰ ਪਈਏ ਧਰਮ ਨਾ ਛੋੜੀਏ ਜੀ।

ਸਿਖ ਦਾ ਤਿਆਗ

ਪਾਤਸ਼ਾਹੀ ਦੁਨੀਆਂ ਦੀ ਹੋਵੇ
ਪਾਣੀ ਭਰੇ ਆ ਬਾਬਰ
ਸ਼ਾਹ ਸਿਕੰਦਰ ਤੇ ਅਬਦਾਲੀ
ਕਰਨ ਸਲਾਮਾਂ ਜਾਬਰ
ਜੰਨਤ ਹੂਰਾਂ ਕੌਸਰ ਜ਼ਮ ਜ਼ਮ
ਇਹ ਸਭੋ ਕੁਝ 'ਬਾਲਮ'
ਗੁਰ ਚਰਨਾਂ ਦੇ ਨਾਲ ਜੋ ਲੱਗੀ
ਨਹੀਂ ਉਸ ਖ਼ਾਕ ਬਰਾਬਰ

ਦੂਧਾਧਾਰੀ

ਮੈਂ ਇਕ ਡਿਠਾ ਦੂਧਾਧਾਰੀ
ਸਿਰ ਵਿਚ ਉਸਨੇ ਸਵਾਹ ਖਿਲਾਰੀ
ਕੰਨ ਪਾੜ ਕੇ ਮੁੰਦਰਾਂ ਪਾਈਆਂ
ਗੱਜ਼ ਗੱਜ਼ ਲੰਬੀਆਂ ਜੱਟਾਂ ਵਧਾਈਆਂ

ਕਪੜੇ ਲਾਹ ਕੇ ਮਲੀ ਬਭੂਤ
ਹੂ-ਬ-ਹੂ ਜਾਪੇ ਜਿੰਨ ਯਾ ਭੂਤ
ਖਲ ਸ਼ੇਰ ਦੀ ਹੇਠ ਵਿਛਾਈ
ਚਿਪਟਾ ਤੂੰਬੀ ਕੋਲ ਟਿਕਾਈ

ਮੈਂ ਜਾ ਕੇ ਕੀਤੀ ਪ੍ਰਨਾਮ
ਮੈਨੂੰ ਕਹਿੰਦਾ ਕਿਆ ਹੈ ਨਾਮ
ਮੈਂ ਕਿਹਾ ਜੀ ਕਰਮ ਸ਼ਿੰਘ
ਅੱਛਾ ਹਮ ਕੋ ਲਾ ਦੋ ਕਿੰਗ
ਮੈਂ ਕਿਹਾ ਜੀ ਕੀ ਕਰੋਗੇ
ਲਿਆ ਕੇ ਉਸ ਨੂੰ ਕਿਥੇ ਧਰੋਗੇ

ਸਾਧੂ–ਹਮ ਉਸ ਕੇ ਸੰਗ ਭਜਨ ਗਾਏਂਗੇ
ਰੂਠਾ ਹੂਆਂ ਪ੍ਰਭੂ ਮਨਾਏਂਗੇ
ਮੈਂ ਕਿਹਾ ਜੀ ਕੁਝ ਖਾਣਾ ਖਾਓਗੇ
ਘਰ ਸਾਡੇ ਵਿਚ ਚਰਨ ਪਾਓਗੇ

ਸਾਧੂ–ਹਮ ਹੈਂ ਬੇਟਾ ਦੂਧਾਧਾਰੀ ,
ਰੋਟੀ ਹਮ ਕੋ ਲਗੇ ਨਾ ਪਿਆਰੀ
ਘਰ ਕਿਸੀ ਕੇ ਨਹੀਂ ਜਾਏਂਗੇ
ਯਹਾਂ ਹਰੀ ਕੇ ਗੀਤ ਗਾਏਂਗੇ

ਦੋ ਸ਼ੇਰ ਮੈਂ ਦੁੱਧ ਲਿਆਇਆ
ਦਰਜਨ ਕੇਲਾ ਨਾਲ ਟਿਕਾਇਆ
ਕੇਲਾ ਖਾ ਕੇ ਜਾਂ ਦੁਧ ਪੀਤਾ
ਫਿਰ ਸਾਧੂ ਨੇ ਹੁਕਮ ਇਹ ਕੀਤਾ

ਸਾਧੂ–ਅੱਬ ਬੇਟਾ ਹਮ ਆਂਬ ਖਾਏਂਗੇ
ਫਿਰ ਹਰੀ ਕੇ ਗੀਤ ਗਾਏਂਗੇ
ਪੰਜ ਸੇਰ ਮੈਂ ਲਿਆਇਆ ਅੰਬ
ਸਾਧੂ , ਖੂਬ ਉਡਾਈ ਬੰਬ
ਦੋ ਕਰਮੰਡਲ ਲੱਸੀ ਪੀਤੀ
ਫਿਰ ਸਾਧੂ ਨੇ ਇਕ ਗ਼ਲ ਕੀਤੀ

ਸਾਧੂ–ਅੱਬ ਬੇਟਾ ਹਮ ਆੜੂ ਖ਼ਾਏਂਗੇ
ਫੇਰ ਹਰੀ ਕੇ ਗੀਤ ਗਾਏਂਗੇ
ਆੜੂ ਦਿਤੇ ਲਿਆ ਢਾਈ ਸੇਰ
ਸਾਧੂ ਖ਼ਾ ਕੇ ਕਹਿੰਦਾ ਫੇਰ

ਸਾਧੂ–ਡੇਢ ਸੇਰ ਬਾਦਾਮ ਲਿਆਓ
ਭੰਗ ਮਿਲਾ ਕੇ ਰਗੜਾ ਲਾਓ
ਦੋ ਸੇਰ ਪੱਕਾ ਦੂਧ ਮਿਲਾਓ
ਘੋਟ ਘਾਟ ਕੇ ਹਮੇਂ ਪਿਲਾਓ

ਸਾਧੂ–ਜੱਬ ਪੀ ਕੇ ਹਮ ਤ੍ਰਿਪਤ ਹੋ ਜਾਏਂਗੇ
ਫੇਰ ਹਰੀ ਕੇ ਗੀਤ ਗਾਏਂਗੇ
ਮੈਂ ਫਿਰ ਸਭ ਕੁਝ ਓਵੇਂ ਕੀਤਾ
ਘੋਟ ਘਾਟ ਕੇ ਸਾਧੂ ਪੀਤਾ

ਸਾਧੂ–ਈਸ਼ਵਰ ਤੁਮ ਕੋ ਦੇਗਾ ਦਰਸ
ਹਮ ਕੋ ਤੋਲਾ ਲਾ ਦੋ ਚਰਸ
ਉਸ ਕਾ ਜਬ ਲਗੇਗਾ ਸੂਟਾ
ਤਬ ਆਏਗਾ ਪਰੇਮ ਕਾ ਝੂਟਾ

ਸਾਧੂ–ਜਬ ਮਸਤੀ ਮੇਂ ਮਸਤ ਹੋ ਜਾਏਂਗੇ
ਫਿਰ ਹਰੀ ਕੇ ਗੀਤ ਗਾਏਂਗੇ
ਮੈਂ ਕਿਹਾ ਓਏ ਬੇੜਾ ਗ਼ਰਕ
ਲਹਿ ਜਾ ਮਗਰੋਂ ਪੈ ਜਾ ਸੜਕ

ਮੇਰੇ ਦਿਲ ਵਿਚ ਇਹ ਤਾਂ ਹੈ ਖੁੜਕੀ
ਕਰਨ ਆਇਆ ਏ ਮੇਰੀ ਕੁੜਕੀ
ਤੇਰੇ ਜੈਸੇ ਸਾਧਾਂ ਤਾਈਂ
ਕਿਉਂ ਆਵਾਰਾ ਲਗਦੀ ਨਾਹੀਂ

ਖੰਡਾ ਨਿਸ਼ਾਨੀ

ਅੱਛਾ! ਜਾਂਦੇ ਓ ਤਾਂ ਸੌ ਸੌ ਵਾਰ ਜਾਓ,
ਵਿਚ ਜੰਗ ਦੇ ਖੰਡੇ ਖੜਕਾਓ ਸੁਆਮੀ।
ਕਰ ਕੇਂ ਡੱਕਰੇ ਫੌਜ ਅਫਗ਼ਾਨ ਦੀ ਦੇ,
ਕਾਬਲ ਵਿਚ ਜਾ ਵੈਨ ਪਵਾਓ ਸੁਆਮੀ।
(ਪਰ) ਕਿਵੇਂ ਮੇਰਾ ਮੁਟਿਆਰ ਦਾ ਗੁਜ਼ਰ ਹੋਸੀ,
ਇਹ ਵੀ ਦੱਸ ਨਿਮਾਣੀ ਨੂੰ ਜਾਓ ਸੁਆਮੀ।
ਜੰਗ ਕਰ ਕੇ ਛੇਤੀ ਹੀ ਪਰਤ ਆਇਓ,
ਮੇਰਾ ਪਿਆਰ ਨਾ ਦਿਲੋਂ ਭੁਲਾਓ ਸੁਆਮੀ।

ਮੇਰੇ ਪਿਆਰ ਦੀ ਗੰਢ ਬੰਨ੍ਹ ਜਾਓ ਪੱਲੇ,
ਦੁਨੀਆਂ ਪਿਆਰ ਦੀ ਪ੍ਰੀਤਮ ਆਬਾਦ ਰਖਿਓ।
ਬਿਰਹੋਂ ਔੜ ਵਿਚ ਕਲੀ ਨਾ ਸੁਕ ਜਾਏ,
ਸੱਜ ਵਿਆਹੀ ਦੀ ਸਦਾ ਦਿਲ ਯਾਦ ਰਖਿਓ।

ਅਗੋਂ ਕਿਹਾ ਸਰਦਾਰ ਲੈ ਫੜ ਖੰਡਾ,
ਇਸ ਨੂੰ ਵੇਖੀਂ ਤੇ ਮੇਰਾ ਦੀਦਾਰ ਹੋਸੀ।
ਇਹਦੀ ਮੁੱਠ ਵਿਚ ਹੋਵੇਗੀ ਮੁੱਠ ਮੇਰੀ,
ਇਸਦੀ ਧਾਰ ਵਿਚ ਤੇਰਾ ਸਰਦਾਰ ਹੋਸੀ।
ਇਸਦੀ ਚਮਕ ਅੰਦਰ ਮੇਰੀ ਚਮਕ ਚਮਕੇ,
ਇਸਦੇ ਪਿਆਰ ਵਿਚ ਮੇਰਾ ਪਿਆਰ ਹੋਸੀ।
ਇਸਦੇ ਦਿਲ ਅੰਦਰ ਮੇਰਾ ਦਿਲ ਵਿਸੇ,
ਇਸਦੇ ਸੀਨੇ ਵਿਚ ਮੇਰਾ ਸਤਿਕਾਰ ਹੋਸੀ।

ਇਸਦੀ ਕਰੀਂ ਪੂਜਾ ਮੇਰੀ ਹੋਊ ਪੂਜਾ।
ਇਸਦਾ ਖ਼ਿਆਲ ਨਾ ਦਿਲੋਂ ਭੁਲਾ ਜਾਈਂ।
''ਬਾਲਮ'' ਕਹੇ ਜਦ ਹੋਵੇਂ ਉਦਾਸ ਬਹੁਤੀ,
ਪਕੜ ਇਹਨੂੰ ਵਿਚ ਜੰਗ ਦੇ ਆ ਜਾਈਂ।

ਖੋਪਰ ਕਾਸਾ

ਧਰ ਕੇ ਸੀਸ ਤਲੀ ਦੇ ਉਤੇ,
ਪ੍ਰੀਤਮ ਦੇ ਦਰ ਜਾਈਏ।
ਖੋਪਰ ਦਾ ਫੜ ਕਾਸਾ ਹਥੀਂ,
ਦਰ ਤੇ ਅਲਖ ਜਗਾਈਏ।
ਖੱਲ ਲੁਹਾ ਕੇ ਪ੍ਰੀਤਮ ਬੂਹੇ,
ਨੱਚ ਨੱਚ ਜੱਲੀਆਂ ਪਾਈਏ।
ਨਦੀ ਚੀਰ ਕੇ ਮਿਲੂ 'ਬਾਲਮਾ',
ਪੱਟ ਦਾ ਮਾਸ ਬਣਾਈਏ।

★

ਅੰਮ੍ਰਿਤਧਾਰੀ ਗਭਰੂ

ਮੈਂ ਪੁਤਰ ਹਾਂ ਦਸਮੇਸ਼ ਦਾ,
ਤੇ ਸਾਹਿਬ ਕੌਰ ਹੈ ਮਾਂ।
ਮੈਨੂੰ ਦੁਧ ਚੁੰਘਾਇਆ ਆਨ ਨੇ,
ਹੈ ਜਿਸਦਾ ਫਤਹਿ ਗਿਰਾਂ।

ਮੈਨੂੰ ਲੋਰੀ ਦਿਤੀ ਜ਼ੋਸ਼ ਨੇ,
ਕਰ ਤੇਗ਼ਾਂ ਦੀ ਛਾਂ।
ਮੈਨੂੰ ਲਾਡ ਲਡਾਇਆ ਬੀਰਤਾ,
ਰੱਖ ਬਹਾਦਰ ਨਾਂ।

ਮੇਰੇ ਹੱਥੀਂ ਛਣਕਣ ਛਣਕਣੇ,
ਤੀਰਾਂ ਦੀ ਛਾਂ ਛਾਂ।
ਮੈਂ ਸ਼ੌਹਰ ਆਜ਼ਾਦੀ ਹੀਰ ਦਾ,
ਨਿੱਤ ਅਨਖ ਦੀ ਚੂਰੀ ਖ਼ਾਂ।

ਮੈਂ ਅੰਮ੍ਰਿਤ ਛਕਿਆ ਜਦੋਂ ਦਾ,
ਹੋਣੀ ਲੋਹੇ ਵਰਗੀ ਜਾਨ।
ਮੇਰੇ ਹੱਡਾਂ ਵਿਚ ਫੌਲਾਦ ਹੈ,
ਤੇ ਡੌਲਿਆ ਵਿਚ ਤੂਫਾਨ।

ਮੇਰੇ ਨੈਣਾਂ ਦੇ ਵਿਚ ਨੱਚਦੇ,
ਅਨਖ ਜੋਸ਼ ਤੇ ਆਨ।
ਮੇਰੇ ਪੰਜੇ ਦੇ ਵਿਚ ਕਾਲ ਹੈ,
ਜੋ ਹੋਣੀ ਦਾ ਸੁਲਤਾਨ।

ਮੇਰੇ ਧੜ ਵਿਚ ਬਿਜਲੀ ਧੜਕਦੀ,
ਤੇ ਦੰਦ ਕੁਹਾੜੇ ਜਾਨ।
ਮੈਂ ਜਿਸ ਨੂੰ ਫੜਕੇ ਚੱਖਿਆ,
ਫਿਰ ਛਡਿਆ ਨਹੀਂ ਨਿਸ਼ਾਨ।

ਮੈਂ ਅੱਡੀ ਮਾਰਾਂ ਧਰਤ ਨੂੰ,
ਤੇ ਦਿਆਂ ਧਰਤ ਕੰਬਾ।
ਮੈਂ ਤਾਰੇ ਤੋੜ ਕੇ ਅੰਬਰੋਂ,
ਵਿਚ ਦਿਆਂ ਖ਼ਾਕ ਰੁਲਾ।

ਮੈਂ ਮਾਰ ਕੇ ਫੂਕ ਸਮੁੰਦਰਾਂ,
ਤਾਈਂ ਦਿਆਂ ਸੁਕਾ।
ਮੈਂ ਠਿੱਬੀ ਮਾਰ ਸੁਮੇਰ ਨੂੰ,
ਵਿਚ ਧਰਤੀ ਦਿਆਂ ਛੁਪਾ।

ਮੈਂ ਚੰਦ ਸੂਰਜ ਦੋ ਪਕੜ ਕੇ,
ਵਿਚ ਨੈਣਾਂ ਲਵਾਂ ਲੁਕਾ।
ਮੈਂ ਦੇਵਾਂ ਧਰਤ ਆਕਾਸ਼ ਨੂੰ,
ਇਕ ਫੂਕ ਮਾਰ ਉਡਾ।

ਮੈਨੂੰ ਖੰਡਾ ਦਿਤਾ ਕਾਲ ਨੇ,
ਜੇ ਮੈਂ ਦਿਆਂ ਖੜਕਾ।
ਮੈਂ ਟੁਕੜੇ ਕਰਾਂ ਅਕਾਸ਼ ਦੇ,
ਤੇ ਤਾਰੇ ਦਿਆਂ ਝਟਕਾ।

ਮੈਂ ਭਰਾਂ ਸਮੁੰਦਰ ਖੂਨ ਦੇ,
ਧਰਤੀ ਦਿਆਂ ਧੜਕਾ।
ਮੈਂ ਦੈਂਤਾਂ ਵਰਗੇ ਸੂਰਮੇ,
ਫੜ ਫੜ ਦਿਆਂ ਫੜਕਾ।

ਮੈਂ ਚਰਬੀ ਚੱਟਾਂ ਕੈਰ ਦੀ,
ਤੇ ਦਿਆਂ ਹੱਡ ਕੜਕਾ।
ਮੈਂ ਦੁਸ਼ਮਨ ਦੇਸ਼ ਪੰਜਾਬ ਦੇ,
ਝਟ ਦਿਆਂ ਝਟਕਾ।

ਮੇਰਾ ਤਾਜ ਬਹਾਦਰੀ,
ਹੈ ਤਖ਼ਤ ਤੇ ਗੱਦੀ ਧਾਰ।
ਮੇਰੇ ਮੱਥੇ ਟਿਕਾ ਫਤਹਿ ਦਾ,
ਤੇ ਗੱਲ ਖ਼ੰਜਰਾਂ ਦੇ ਹਾਰ।

ਮੇਰੇ ਫੌਜੀ ਤਿੱਖੇ ਤੀਰ ਨੇ,
ਧਨਸ਼ ਹੈ ਸਿੱਪਾਸਲਾਰ।
ਮੇਰਾ ਰਾਜ ਮੈਦਾਨਿ-ਜੰਗ ਹੈ,
ਮੇਰਾ ਦੋਸ਼ੀ ਸ਼ਾਹ-ਸਵਾਰ।

ਮੇਰੀ ਮਲਕਾਂ ਮੌਤ ਹੈ,
ਤੇ ਕਾਲ ਹੈ ਪਹਿਰੇਦਾਰ।
ਮੈਨੂੰ ਸਭ ਕੁਝ 'ਬਾਲਮਾ',
ਦਿਤਾ ਕਲਗੀਧਾਰ।

ਪ੍ਰੀਤ ਦਾ ਨਿਭਾਵਣਾ

ਗਿਣ ਗਿਣ ਤਾਰੇ ਹੈ ਹਿਸਾਬ ਦੇਣਾ ਬੜਾ ਸੌਖਾ,
ਸੌਖਾ ਹੈ ਅਕਾਸ਼ ਤਾਈਂ ਜੇਬ ਵਿਚ ਪਾਵਣਾ।
ਪਾਵਣਾ ਅੰਤ ਸੌਖਾ ਸੱਤਾਂ ਹੀ ਸਮੁੰਦਰਾਂ ਦਾ,
ਸੌਖਾ ਹੈ ਜ਼ਮੀਨ ਤਾਈਂ ਤੋਲ ਕੇ ਵਖਾਵਣਾ।
ਵਖਾਵਣਾ ਬਜ਼ਾਰ ਸੱਚਖੰਡ ਦਾ ਮਹਾਨ ਸੌਖਾ,
ਸੌਖਾ ਹੈ ਪਤਾਲੋਂ ਐਹ ਦੈਂਤ ਨੂੰ ਲਿਆਉਣਾ।
ਆਵਣਾ ਤੇ ਜਾਵਣਾ ਅਕਾਸ਼ ਉਤੇ ਬਹੁਤ ਸੌਖਾ,
ਔਖਾ ਤੇ ਮਹਾਨ ਔਖਾ ਪ੍ਰੀਤ ਦਾ ਨਿਭਾਵਣਾ।
ਬਿਛੂਆਂ ਦੀ ਸੇਜ ਉਤੇ ਸੌਣ ਦਾ ਅਨੰਦ ਬੜਾ,
ਸੌਖਾ ਹੈ ਸਮੁੰਦਰ ਵਿਚਕਾਰ ਡੁਬ ਜਾਵਣਾ।
ਹੱਡੀਆਂ ਦੀ ਧੂਣੀ ਲਾ ਕੇ ਸੇਕਨੀ ਮਹਾਨ ਸੌਖੀ,
ਔਖਾ ਨਹੀਂ ਸੁਮੇਰ ਵਿਚ ਅੱਖ ਦੇ ਲੁਕਾਵਣਾ।
ਕੋਹਲੂ ਵਿਚ ਪੈ ਕੇ ਤੇਲ ਆਪਣਾ ਕਢਾਉਣਾ ਸੌਖਾ,
ਔਖੇ ਤੋਂ ਮਹਾਨ ਔਖਾ ਪ੍ਰੀਤ ਦਾ ਨਿਭਾਵਣਾ।

ਭੂਤਾਂ ਨਾਲ ਭੌਣਾ ਚੌਣਾ ਸੌਖਾ ਹੈ ਕਠਨ ਨਾਹੀਂ,
ਜਿੰਨਾਂ ਨਾਲ ਸੌਖਾ ਨਿੱਤ ਬਾਜ਼ੀ ਦਾ ਲਗਾਵਣਾ।
ਸੌਖਾ ਹੈ ਚੁੜੇਲਾਂ ਨਾਲ ਖੇਡਣਾ ਲੁਕਨ ਮੀਟੀ,
ਦੈਂਤਾਂ ਨਾਲ ਦੰਗਲ ਵੀ ਸੌਖ ਹੈ ਲਗਾਵਣਾ।
ਕਾਲ਼ ਨਾਲ ਹੱਸ ਹੱਸ ਖੇਡਣੀ ਕਬੱਡੀ ਸੌਖੀ,
ਜਮਦੂਤਾਂ ਨਾਲ ਸੌਖਾ ਬਸਤਰ ਚਲਾਵਣਾ।
ਸਭ ਕੁਝ ਕਰਨਾਂ ਹੈ ਸੌਖਾ ਹੈ ਸੰਜਾਰ ਵਿਚ,
ਔਖੇ ਤੋਂ ਮਹਾਨ ਔਖਾ ਪ੍ਰੀਤ ਦਾ ਨਿਭਾਵਣਾ।

★

ਅੰਮ੍ਰਿਤ ਤੋਂ ਪਹਿਲਾਂ ਤੇ ਪਿਛੋਂ

ਸੁੱਤੇ ਪਏ ਸੁਹਾਗ ਨੂੰ,
ਚੁੰਮ ਪੈਰ ਜਗਾਇਆ।
ਉਠ ਵੇ ਮੇਰੇ ਲਾੜਿਆ,
ਫੜ ਬਾਹੋਂ ਬਹਾਇਆ।

ਮੈਨੂੰ ਮੇਰੇ ਮਾਪਿਆਂ,
ਤੇਰੇ ਲੜ ਲਾਇਆ।
ਹੱਥੀਂ ਮੇਰੇ ਵੀਰ ਮੈਨੂੰ,
ਚੁਕ ਡੋਲੀ ਪਾਇਆ।

(ਤੂੰ) ਜੀਵਨ ਸਾਥੀ ਬਣ ਗਿਓਂ,
ਮੇਰਾ ਰਘੁਰਾਇਆ।
(ਮੈਂ) ਦਾਸੀ ਤੇਰੇ ਚਰਨ ਦੀ,
ਤੂੰ ਮੇਰਾ ਸਾਇਆ।

ਮੇਰੀ ਮੰਨੇ ਇਕ ਤਾਂ,
ਮੈਂ ਕਹਾਂ ਸੁਣਾ ਕੇ।
ਤੂੰ ਰਾਖ਼ਾ ਬਣ ਜਾ ਦੇਸ਼ ਦਾ,
ਹੱਥ ਤੇਗ ਉਠਾ ਕੇ।

ਰਾਖੇ ਦੇਸ਼ ਪੰਜਾਬ ਦੇ,
ਹੁਣ ਹੋਏ ਢਿਲੇ।
ਰਿਹਾ ਨਾ ਕੋਈ ਰਾਜਪੂਤ,
ਜੋ ਬੜ੍ਹਕੇ ਹਿਲੇ।

ਗੈਰਾਂ ਗੱਡੇ ਪੰਜਾਬ ਵਿਚ,
ਬੁਨਿਆਦੀ ਕਿਲ੍ਹੇ।
ਚੋ ਕੇ ਖ਼ੂਨ ਪੰਜਾਬ ਦਾ,
ਵਿਚ ਗੋਰਾ ਠਿਲ੍ਹੇ।

ਕੱਕੀ ਕੱਕੀ ਝੰਡ ਵਾਲੇ,
ਜੋ ਬਾਘੜ ਬਿਲੇ।
ਲਾਲ ਸਿੰਘ ਤੇ ਚੇਤ ਸਿੰਘ,
ਉਨ੍ਹਾਂ ਨੂੰ ਮਿਲੇ।

ਉਠ ਵੇ ਮੇਰੇ ਲਾੜਿਆ,
ਬਣ ਕਾਲ ਦਾ ਭਾਈ।
ਤੂੰ ਗੋਰਾ ਵਿਚ ਪੰਜਾਬ ਦੇ,
ਨਾ ਛੱਡੀਂ ਕਾਈ।

ਅਗੋਂ ਲਾੜਾ ਬੋਲਿਆ,
ਮੈਂ ਨਹੀਂਏਂ ਜਾਣਾ।
ਮੈਂ ਕੀ ਜਾਣਾ ਤੇਗ਼ ਨੂੰ,
ਹੱਥ ਕੀਕਰ ਪਾਣਾ।

(ਉਥੇ) ਪਾਣੀ ਮਿਲੇ ਨਾ ਪੀਣ ਨੂੰ,
ਨਹੀਂ ਮਿਲਦਾ ਖਾਣਾ।
ਨਾਲ ਪਸੀਨੇ ਭਿਜ ਜਾਊ,
ਇਹ ਚਿਟਾ ਬਾਣਾ।

(ਮੈਂ) ਮੈਦਾਨੇ-ਜੰਗ ਵਿਚ,
ਨਹੀਂ ਪੈਰ ਜਾ ਪਾਣਾ।
ਹੱਟੀ ਦੇ ਵਿਚ ਬੈਠ ਕੇ,
ਨਿਤ ਮੌਜਾਂ ਮਾਣਾ।

ਤੇਰੇ ਆਖੇ ਲੱਗ ਕੇ,
ਜਾ ਖਾਵਾਂ ਟੰਬੇ।
ਬੋਦੀ ਤੇ ਹੱਥ ਫੇਰ ਕੇ,
ਪਿਆ ਲਾਲਾ ਕੰਬੇ।

ਹੱਥ ਨਾਲ ਮੈਂ ਅੱਜ ਤੱਕ,
ਨਹੀਂ ਮੱਖੀ ਮਾਰੀ।
ਜਦ ਮੱਛਰ ਬੋਲੇ ਰਾਤ ਨੂੰ,
ਜਿੰਦ ਕੰਬੇ ਕਾਰੀ।

ਖਟਮਲ ਔਂਦਾ ਵੇਖ ਕੇ,
ਮੱਤ ਜਾਏ ਮਾਰੀ।
ਥਰ ਥਰ ਕੰਬਾਂ ਕਮਲੀਏ,
ਤਕ ਤੇਜ ਕਟਾਰੀ।

ਕੁਤੇ ਲੜਦੇ ਵੇਖ ਕੇ,
ਜਿੰਦ ਜਾਏ ਵਿਚਾਰੀ।
ਏਨੀ ਕੁ ਗੱਲ ਆਖ ਲਾਲ ਨੇ,
ਢ਼ਾਹ ਇਕ ਮਾਰੀ।

ਇਥੇ ਸਾਰਾ ਦਿਨ ਚਾਹੇ ਤੂੰ,
ਖੂਹ ਗਿੜਾ ਲੈ।
ਭੇਜੀਂ ਨਾ ਤੂੰ ਜੰਗ ਨੂੰ,
ਚਾਹੇ ਹੱਥ ਜੁੜਾ ਲੈ।

(ਏਨੀ) ਸੁਣਕੇ ਸੱਜ ਵਿਹਾਈ ਨੇ,
ਤਿਊੜੀ ਪਾਈ।
ਕਿਉਂ ਨਾ ਤੈਨੂੰ ਮਾਰਿਆ,
ਜੰਮਦੇ ਨੂੰ ਮਾਈ।

ਜਣ ਕੇ ਪੁਤਰ ਕਾਇਰ,
ਕੁੱਖ ਨੂੰ ਲੀਕ ਲਵਾਈ।
ਸੁਣ ਕੇ ਨਾਂ ਤੂੰ ਜੰਗ ਦਾ,
ਚਾ ਹੋਸ਼ ਭੁਲਾਈ।

ਹੱਕਾਂ ਬੱਕਾ ਹੋ ਗਿਓਂ,
ਜਿਉਂ ਮਰਿਆ ਭਾਈ।
(ਪਰ) ਰਣ ਵਿਚ ਗੱਜਣ,
ਦਾੜ੍ਹੀਆਂ ਤੂੰ ਘਰੜ ਮੁਨਾਈ।

ਆਖਰ ਕਹਿੰਦੀ ਬੁਧੂਆ,
ਉਠ ਰਣ ਵਿਚ ਜਾ ਤੂੰ।
(ਵੇ) ਗੈਰਾਂ ਦੇ ਕਰ ਡੱਕਰੇ,
ਹੱਥ ਤੇਗ ਉਠਾ ਤੂੰ।

ਜਾਹ ਪਰ੍ਹਾਂ ਨਾ ਹੱਸ ਪਈ,
ਕਿਉਂ ਜੰਗ ਨੂੰ ਜਾਵਾਂ।
ਕਿਸੇ ਦੇ ਬਦਲੇ ਆਪਣੀ,
ਕਿਉਂ ਜਾਨ ਗਵਾਵਾਂ।

ਪੁਤ ਬੇ-ਗਾਨੇ ਕਮਲੀਏ,
ਭੰਨ੍ਹ ਦੇਣਗੇ ਬਾਹਵਾਂ।
(ਮੈਂ) ਪੈਰ ਘਰੋਂ ਨਹੀਂ ਕੱਢਣਾ,
ਸੌਂਹ ਤੇਰਾ ਖਾਵਾਂ।

ਇਥੇ ਤੇਰੇ ਪਿਆਰ ਦੇ,
ਨਿਤ ਗੀਤ ਮੈਂ ਗਾਵਾਂ।
ਤੁਰ ਗਿਆ ਤਾਂ ਪਈ ਰੋਂਏਗੀ,
ਕਰ ਲੰਮੀਆਂ ਬਾਹਵਾਂ।

ਮੈਂ ਨਹੀਂ ਜਾਣਾ ਜੰਗ ਨੂੰ,
ਨਹੀਂ ਤੇਗ ਉਠਾਣੀ।
ਹੁਣ ਨਾ ਮੈਨੂੰ ਕਹੀਂ,
ਮੰਨ ਜਾਵੀਂ ਰਾਣੀ।

ਜੇ ਅੰਮ੍ਰਿਤ ਖੰਡੇ ਧਾਰ ਦਾ,
ਤੂੰ ਛਕਿਆ ਹੁੰਦਾ।
ਜੇ ਚਿਹਰਾ ਨਲੂਏ ਸ਼ੇਰ ਦਾ,
ਤੂੰ ਤਕਿਆ ਹੁੰਦਾ।

ਜੇ ਖੰਡਾ ਦੀਪ ਸਿੰਘ ਦਾ,
ਤੂੰ ਪਰਖਿਆ ਹੁੰਦਾ।
ਤਾਂ ਕੱਟ ਕੇ ਆਪਣਾ ਸੀਸ,
ਤਲੀ ਤੇ ਰਖਿਆ ਹੁੰਦਾ।

ਹੁਣ ਨੂੰ ਬੀੜਾ ਜੰਗ ਦਾ,
ਤੂੰ ਚਕਿਆ ਹੁੰਦਾ।
ਦਲ ਦੁਸ਼ਮਨ ਦਾ ਜੰਗ ਵਿਚ,
ਤੂੰ ਡਕਿਆ ਹੁੰਦਾ।

ਜਾ ਅੰਮ੍ਰਿਤ ਖੰਡੇ ਧਾਰ ਦਾ,
ਸਿੰਘਾਂ ਤੋਂ ਛੱਕ ਲੈ।
ਹੀਰ ਅਜ਼ਾਦੀ ਦੀ ਰਾਂਝਿਆ,
ਅੱਖਾਂ ਨਾਲ ਤੱਕ ਲੈ।

ਜਦ ਰੋਹ ਦੇ ਵਿਚ ਆ,
ਸੁਹਾਗਣ ਮਾਰੀ ਬੋਲੀ।
(ਤਾਂ) ਲਾਲੇ ਹੁਰਾਂ ਦੇ ਕਾਲਜੇ,
ਆ ਵੱਜੀ ਗੋਲੀ।

ਲੂੰ ਕੰਢੇ ਹੋਏ ਸ਼ਾਹ ਦੇ,
ਤੇ ਸ਼ਾਂਤੀ ਡੋਲੀ।
ਕਹਿੰਦਾ ਪੈ ਗਿਆ ਖੇਡਣਾ,
ਅੱਜ ਖ਼ੂਨ ਦੀ ਹੋਲੀ।

ਸਿੰਘਾਂ ਦੇ ਦਰ ਜਾ ਕੇ,
ਜਾ ਅੱਡਾਂ ਝੋਲੀ।
ਖੈਰ ਪੌਹਲ ਦਾ ਦਿਓ,
ਜਿੰਦ ਜਾਵਾਂ ਘੋਲੀ।

ਉਸ ਅੰਮ੍ਰਿਤ ਖੰਡੇ ਧਾਰ ਦਾ,
ਸਿੰਘਾਂ ਤੋਂ ਪੀਤਾ।
ਫਿਰ ਖੰਡਾ ਫੜ ਦੋ ਧਾਰ,
ਉਸ ਹੱਥ ਵਿਚ ਲੀਤਾ।

ਉਹਦੇ ਅੰਗ ਅੰਗ ਦੇ ਜੋਸ਼ ਦਾ,
ਟੱਲ ਖੜਕਨ ਲੱਗਾ।
ਉਹਦੇ ਰੱਗ ਰੱਗ ਅੰਦਰ ਖ਼ੂਨ,
ਅਨਖ ਦਾ ਗੜਕਨ ਲੱਗਾ।

ਉਹਦੇ ਧੜ ਦੇ ਅੰਦਰ ਬੀਰਤਾ,
ਬਲ ਧੜਕਨ ਲੱਗਾ।
ਉਹਦੇ ਤਨ ਦੇ ਅੰਦਰ ਤੀਰ,
ਜੋਸ਼ ਦਾ ਤੜਕਨ ਲੱਗਾ।

ਉਹਦੇ ਨੈਣਾਂ ਅੰਦਰ ਦਲ,
ਵੈਰੀ ਦਾ ਰੜਕਨ ਲੱਗਾ।
ਉਹ ਨਾਅਰਾ ਲਾ ਅਕਾਲ ਦਾ,
ਦਲ ਝੜਕਨ ਲੱਗਾ।

ਉਸ ਰੂਪ ਸ਼ੇਰ ਦਾ ਧਾਰ ਕੇ,
ਕਈ ਖੋਪਰ ਖੋਲ੍ਹੇ।
ਅੰਬਰ ਥਰ ਥਰ ਕੰਬਿਆ,
ਤੇ ਧਰਤੀ ਡੋਲੇ।

ਕੋਈ ਆਖੇ ਭੀਸ਼ਮ ਆ ਗਿਆ,
ਅਰਜਨ ਦਾ ਸਾਨੀ।
ਕੋਈ ਆਖੇ ਚੜ੍ਹਿਆ ਪ੍ਰਸਰਾਮ,
ਚਲ ਪਈ ਕਹਾਨੀ।

ਕੋਈ ਆਖੇ ਨੱਲੂਆ ਗੱਜਿਆ,
ਫੜ ਹੱਥੀਂ ਕਾਨੀ।
ਕੋਈ ਕਹਿੰਦਾ ਸ਼ਾਮ ਸਿੰਘ ਨੂੰ,
ਫਿਰ ਚੜ੍ਹੀ ਜਵਾਨੀ।

ਕੋਈ ਕਹੇ ਅਕਾਲੀ ਆ ਗਿਆ,
ਅੱਜ ਮੌਤ ਦਾ ਦਾਨੀ।
ਕੋਈ ਕਹੇ ਸਿੰਘ ਦਾ ਰੂਪ ਧਾਰ,
ਕੇ ਚੜ੍ਹੀ ਭਵਾਨੀ।

(ਉਥੇ) ਮੌਤ ਸੀ ਅੰਨ੍ਹੀ ਹੋ ਗਈ,
ਤੇ ਕਾਲ ਸ਼ੁਦਾਈ।
ਲਾਲ ਫਰਸ਼ ਤੇ ਧੜਾਂ ਦੀ,
ਸਿੰਘ ਮੰਡੀ ਲਾਈ।

ਗਿਦੜੋਂ ਸ਼ੇਰ ਬਣਾਂਦੈ,
ਅੰਮ੍ਰਿਤ ਦੀ ਸ਼ਕਤੀ।
ਚਿੜੀਓਂ ਬਾਜ਼ ਤੁੜਾਂਦੈ,
ਅੰਮ੍ਰਿਤ ਦੀ ਸ਼ਕਤੀ।

ਹਾਥੀ ਨਾਲ ਭਿੜਾਂਦੈ,
ਅੰਮ੍ਰਿਤ ਦੀ ਸ਼ਕਤੀ।
ਲੱਖ ਨਾਲ ਇਕ ਲੜਾਂਦੈ,
ਅੰਮ੍ਰਿਤ ਦੀ ਸ਼ਕਤੀ।

ਜੋਸ਼ ਦਾ ਹੜ੍ਹ ਚੜ੍ਹਾਂਦੈ,
ਅੰਮ੍ਰਿਤ ਦੀ ਸ਼ਕਤੀ।
ਪਰਚਾ ਅਨਖ ਪੜ੍ਹਾਂਦੈ,
ਅੰਮ੍ਰਿਤ ਦੀ ਸ਼ਕਤੀ।

ਕੀਤਾ ਜਿਸ ਨੇ ਪਾਨ ਨਹੀਂ,
ਅੰਮ੍ਰਿਤ ਦਾ ਪਿਆਲਾ।
''ਬਾਲਮ'' ਐਸੇ ਕੈਰ ਦਾ,
ਦਰਗਾਹ ਮੂੰਹ ਕਾਲਾ।

ਖ਼ਰੀਆਂ ਖ਼ਰੀਆਂ

ਮਨ ਮਾਹੀ ਦਾ ਉਹਨਾਂ ਕੀ ਮੋਹ ਲੈਣਾ,
ਜਿਹੜੇ ਬ੍ਰਿਹਾ ਦੀ ਅੱਗ ਵਿਚ ਸੜੇ ਹੀ ਨਹੀਂ ।
ਉਹਨਾਂ ਤਾਈਂ ਕੀ ਵਸਲ ਦੀ ਰਾਤ ਆਉਣੀ,
ਰਾਹ ਵੇਖਣ ਲਈ ਸੂਲੀ ਜੋ ਚੜ੍ਹੇ ਹੀ ਨਹੀਂ ।
ਉਹਨਾਂ ਮਾਹੀ ਦੇ ਮਜ਼ੇ ਸਵਾਹ ਪਾਉਣੇ,
ਜਿਹੜੇ ਮੌਤ ਪਾਸੋਂ ਮਰਨਾ ਪੜ੍ਹੇ ਹੀ ਨਹੀਂ ।
ਉਹਨਾਂ ਦਿਲਾਂ ਦਾ ਕੀ ਵਪਾਰ ਕਰਨਾ,
ਜਿਹੜੇ ਪਿਆਰ ਬਾਜ਼ਾਰ ਵਿਚ ਵੜੇ ਹੀ ਨਹੀਂ ।

ਦਿਲ ਦੇ ਦੀਵੇ ਵਿਚ ਰਖ ਕੇ ਪਰੇਮ ਬੱਤੀ,
ਹੋਮੈ ਸਾੜ ਕੇ ਜੋਤ ਜਗਾਈਦੀ ਏ ।
ਕਾਸਾ ਖੋਪਰ ਦਾ ਫੜ ਕੇ ਹਥ 'ਬਾਲਮ',
ਫੇਰ ਪ੍ਰੀਤਮ ਦੀ ਕੁੰਡੀ ਖੜਕਾਈਦੀ ਏ ।

ਕਿਹੜੇ ਲਬ ਲਈ ਜਿਹਨਾਂ ਧਿਆਰ ਪਾਇਆ,
ਉਹਨਾਂ ਠਗਾਂ ਨੇ ਪਰੇਮੀ ਕਹਾਵਣਾ ਕੀ।
ਜਿਹੜੇ ਦਿਲ ਨਜ਼ਰਾਨਾ ਨਾ ਦੇ ਸਕਣ,
ਰੁਠੇ ਮਾਹੀ ਨੂੰ ਉਹਨਾਂ ਮਨਾਵਣਾ ਕੀ।
ਸੁਖ ਸਾੜ, ਮੱਲੀ ਨਹੀਂ ਸਵਾ ਜਿਸ ਨੇ,
ਉਸਨੇ ਸੋਹਣੇ ਦਾ ਸਾਦਕ ਸਦਾਵਣਾ ਕੀ।
ਜੋ ਨਾ ਤੇਗ਼ ਦੀ ਨੋਕ ਤੇ ਨਾਚ ਨਚੇ,
ਉਸ ਨੇ ਪ੍ਰੀਤਮ ਨੂੰ ਨਚ ਨਚਾਵਣਾ ਕੀ।

ਪੁੱਠੀ ਖੱਲ ਲੁਹਾ ਕੇ ਨਾਲ ਛੁਰੀਆਂ,
ਜਾ ਕੇ ਪ੍ਰੀਤਮ ਦੇ ਬੂਹੇ ਵਛਾਈਦੀ ਏ।
ਕਾਸਾ ਖੋਪਰ ਦਾ ਫੜ ਕੇ ਹੱਥ 'ਬਾਲਮ',
ਫੇਰ ਪ੍ਰੀਤਮ ਦੀ ਕੁੰਡੀ ਖੜਕਾਈਦੀ ਏ।
ਮਜਨੂੰ ਜਣ ਕੇ ਜਿਸ ਨਹੀਂ ਖੂਨ ਦਿਤਾ,
ਉਸਨੇ ਦਿਲਬਰ ਦਾ ਕਰਨਾ ਦੀਦਾਰ ਕੀ ਏ।
ਸੂਲੀ ਚੜ੍ਹਿਆ ਨਹੀਂ ਜੋ ਮਨਸੂਰ ਵਾਂਗੂੰ,
ਉਸਦਾ ਆਸ਼ਕਾਂ ਨਾਲ ਵਿਹਾਰ ਕੀ ਏ।
ਪਿਆਰ ਵਾਸਤੇ ਜਿਸ ਨਹੀਂ ਪ੍ਰਾਨ ਦਿਤੇ,
ਉਸਨੇ ਪਾਉਣਾ ਪਿਆਰੇ ਦਾ ਪਿਆਰ ਕੀ ਏ।
ਡਰ ਜਿਸ ਨੂੰ ਸ਼ਰਮ ਤੇ ਸ਼ਾਨ ਦਾ ਏ,
ਉਸਨੇ ਮਾਹੀ ਨਾਲ ਕਰਨਾ ਇਕਰਾਰ ਕੀ ਏ।

ਲੋਕ ਲਜਿਆ ਸ਼ਰਮ ਤੇ ਸ਼ਾਨ ਪਹਿਲੇ,
ਚਿਖਾ ਪਰੇਮ ਦੀ ਵਿਚ ਜਲਾਈਦੀ ਏ।
ਕਾਸਾ ਖੋਪਰ ਦਾ ਫੜ ਕੇ ਹੱਥ 'ਬਾਲਮ'
ਫਿਰ ਪ੍ਰੀਤਮ ਦੀ ਕੁੰਡੀ ਖੜਕਾਈਦੀ ਏ।

ਮਹਾਰਾਣਾ ਪਰਤਾਪ

ਅਕਬਰ ਪਾਤਸ਼ਾਹ ਸ਼ਾਹੀ ਗਰੂਰ ਅੰਦਰ,
ਜਦੋਂ ਹਿੰਦ ਦੀ ਅਣਖ ਮਿਟਾਣ ਲਗਾ।
ਸਮਝ ਸੋਚ ਬੇਅਨਖੇ ਹਿੰਦੂਆਂ ਦੀ,
ਜਦੋਂ ਛਤਰੀ ਛਾਨ ਛੁਪਾਣ ਲਗਾ।
ਮਹਾਰਾਣਾ ਪਰਤਾਪ ਦੀ ਅਨਖ ਜਦੋਂ,
ਮਾਨ ਸਿੰਘ ਦੇ ਵਾਂਗ ਰੁਲਾਣ ਲਗਾ।
ਬਬਰ ਸ਼ੇਰ ਨੂੰ ਗੋਸ਼ਤ ਦੇ ਵਿਚ ਪਿੰਜਰੇ,
ਮ ਨੋ ਹਰਨ ਸੀ ਫੜ ਕੇ ਬਿਠਾਣ ਲਗਾ।

ਮਹਾਰਾਣੇ ਪ੍ਰਤਾਪ ਨੂੰ ਕਹਿਣ ਲਗਾ,
ਮੇਰੀ ਸ਼ਾਨ ਅਗੇ ਤੈਨੂੰ ਝੁਕਣਾ ਪਊ।
ਮੇਰੇ ਹੁਕਮ ਅੰਦਰ ਤੈਨੂੰ ਪਊ ਤੁਰਨਾ,
ਜੇ ਮੈਂ ਰੋਕਾਂ ਤਾਂ ਪਲ ਵਿਚ ਰੁਕਣਾ ਪਊ।

ਅਗੋਂ ਅਨਖੀ ਪ੍ਰਤਾਪ ਜਵਾਬ ਦਿਤਾ,
ਸ਼ੇਰ ਹਰਨ ਨੂੰ ਸੀਸ ਝੁਕਾਂਵਦਾ ਨਹੀਂ।
ਚਿੜੀ ਬਾਜ਼ ਨੂੰ ਕੈਦ ਨਾ ਕਰ ਸਕੇ,
ਸੂਰਜ ਚੰਦ ਦੇ ਚਰਨ ਦਬਾਂਵਦਾ ਨਹੀਂ।
ਅੱਗ ਪਾਣੀ ਨਾ ਇਕ ਥਾਂ ਰਹਿਣ ਕਠੇ,
ਬ੍ਰਾਹਮਣ ਘਰ ਚਮਿਆਰ ਦੇ ਖਾਂਵਦਾ ਨਹੀਂ।
ਤੂੰ ਕੀਹ ਜੇ ਤੇਰਾ ਖੁਦਾ ਆਵੇ,
ਤਾਂ ਵੀ ਅੱਖ ਪਰਤਾਪ ਮਿਲਾਂਵਦਾ ਨਹੀਂ।

ਮਾਨ ਸਿੰਘ ਨੂੰ ਦੇ ਕੇ ਫੌਜ ਅਕਬਰ,
ਕਹਿੰਦਾ ਸਾੜ ਦੇ ਘਰ ਤੇ ਬਾਹਰ ਉਸਦਾ।
ਮਿਲ ਜਾਏ ਤਾਂ ਚੀਰ ਕੇ ਕਰ ਟੁਕੜੇ,
ਮ੍ਰਿਗ ਵਾਂਗਰਾਂ ਕਰ ਸ਼ਿਕਾਰ ਉਸਦਾ।

ਲੇ ਕੇ ਫੌਜ ਬੇਅੰਤ ਨਾ ਅੰਤ ਕੋਈ,
ਆਪਣੀ ਕੌਮ ਤੇ ਕੌਮ ਗੱਦਾਰ ਚੜ੍ਹਿਆ।
ਰਫਲਾਂ ਰਹਿਗਲੇ ਤੀਰ ਤਲਵਾਰ ਤੋਪਾਂ,
ਬੇਅਨਖਾ ਲੈ ਕੇ ਹਥਿਆਰ ਚੜ੍ਹਿਆ।
ਘੇਰ ਲਿਆ ਪ੍ਰਤਾਪ ਦਾ ਸ਼ਹਿਰ ਸਾਰਾ,
ਅਗੋਂ ਵੇਖ ਪ੍ਰਤਾਪ ਸਰਦਾਰ ਚੜ੍ਹਿਆ।
ਲਾਏ ਧੜਾਂ ਦੇ ਢੇਰ ਪ੍ਰਤਾਪ ਜੋਧੇ,
ਮਾਸ ਖਾਣ ਲਈ ਭੂਤ ਪ੍ਰਵਾਰ ਚੜ੍ਹਿਆ।

ਆਖਰ ਛੱਡ ਕੇ ਸ਼ਾਹੀ ਮਹੱਲ ਆਪਣੇ,
ਅਣਖ ਆਨ ਤੋਂ ਜੋਸ਼ ਨੂੰ ਲੈ ਤੁਰਿਆ।
ਤੁਰਿਆ ਰਾਣੀ ਤੇ ਆਪਣਾ ਲੈ ਬੱਚਾ,
ਪਾਤਸ਼ਾਹ ਪੈਦਲ ਰਾਹੇ ਪੈ ਤੁਰਿਆ।

ਪਾਟੇ ਕਪੜੇ ਪੈਰਾਂ ਦੇ ਵਿਚ ਛਾਲੇ,
ਢਿਡੋਂ ਭੁਖੇ ਪਰ ਦਿਲ ਦਿਲਗੀਰ ਨਹੀਂ ਸੀ।
ਦੁਖਾਂ ਦਰਦਾਂ ਦੇ ਹੈਸੀ ਤੂਫਾਨ ਸਿਰ ਤੇ,
ਐਪਰ ਮਰਦ ਦੀ ਅੱਖ ਵਿਚ ਨੀਰ ਨਹੀਂ ਸੀ।
ਅਨਖ ਆਣ ਤੇ ਬੀਰਤਾ ਨਾਲ ਹੈਸਨ,
ਕੇਵਲ ਮਥੇ ਦੀ ਅੱਛੀ ਤਕਦੀਰ ਨਹੀਂ ਸੀ।
ਅਰਸ਼ੋਂ ਡਿਗ ਕੇ ਫਰਸ਼ ਤੇ ਪਿਆ ਹੈਸੀ,
ਪਾਸ ਕੋਈ ਸਰਦਾਰ ਵਜ਼ੀਰ ਨਹੀਂ ਸੀ।

ਫਿਰ ਵੀ ਮੂੰਹ ਦੇ ਵਿਚ ਆਵਾਜ਼ ਇਹ ਸੀ,
ਮੈਂ ਕੌਮ ਗੱਦਾਰ ਕਹਾਵਣਾ ਨਹੀਂ।
ਰੁਲ ਰੁਲ ਕੇ ਮਰਨ ਕਬੂਲ 'ਬਾਲਮ',
(ਪਰ) ਮੈਂ ਅਕਬਰ ਨੂੰ ਸਿਰ ਝੁਕਾਕਣਾ ਨਹੀਂ।

ਸਿਦਕੀ ਸੂਰੇ

ਤਖਤ ਤਾਜ ਜੰਨਤ ਤੇ ਹੂਰਾਂ,
ਇਸਦੇ ਹਨ ਤਿਆਗੀ ਸੂਰੇ।
ਵਤਨ ਪ੍ਰਸਤੀ ਕੌਮੀ ਸੇਵਾ,
ਧਰਮ ਦੇ ਹੈਨ ਵੈਰਾਗੀ ਸੂਰੇ।
ਖੋਪਰ ਦਾ ਫੜ ਕਾਸਾ ਹਥੀਂ,
ਮੰਗਨ ਖੈਰ ਆਜ਼ਾਦੀ।
ਸੂਲੀ ਤੇ ਚੜ੍ਹ ਗਾਵਣ ਵਾਲੇ,
ਇਹ ਹੈਨ ਸੁਭਾਗੀ ਸੂਰੇ।

(ਸੂਬੇ ਦਾ ਕਹਿਣਾ)

ਤੱਕ ਕੇ ਤੇਰੇ ਹੁਸਨ ਤੋਂ,
ਮੈਂ ਸਦਕੇ ਜਾਵਾਂ।
ਦਿਲ ਨਜ਼ਰਾਨਾ ਕਰ ਅਖਾਂ,
ਦੇ ਵਿਚ ਬਿਠਾਵਾਂ।

ਲੱਗ ਕਾਲਜੇ ਨਾਲ ਬੇਟਾ,
ਕਰ ਖੁਲ੍ਹੀਆਂ ਬਾਂਹਵਾਂ।
ਮੈਂ ਵਾਂਗ ਪਿਆਰੇ ਪੁਤਰਾਂ,
ਤੈਨੂੰ ਗੱਲ ਲਾਵਾਂ।

ਜੋ ਕੁਝ ਮੇਰੇ ਦਿਲ ਹੈ,
ਮੈਂ ਆਖ ਸੁਣਾਵਾਂ।
ਮੈਂ ਬੇਟੀ ਤੈਨੂੰ ਦੇ ਕੇ,
ਮਹਿਮਾਨ ਬਣਾਵਾਂ।

ਤੂੰ ਕਹਿ ਦੇ ਮੂੰਹੋਂ ਲਾ-ਇਲਾ,
ਤੇ ਛੱਡ ਦੇ ਸਿਖੀ।
ਮੋਮਨ ਬਣ ਕੇ ਦਿਲ,
ਦਿਮਾਗ ਚੋਂ ਕੱਢ ਦੇ ਸਿਖੀ।

ਉਹ ਸੁੰਦਰ ਵਿਚ ਜਹਾਨ ਦੇ,
ਸਭ ਲੋਕ ਸਲ੍ਹਾਵਣ।
ਤਕ ਅਪੱਛਰਾਂ ਓਸ ਨੂੰ,
ਉਂਗਲਾਂ ਮੂੰਹ ਪਾਵਣ।

ਲੱਖਾਂ ਹੀਰਾਂ ਓਸ ਦੇ,
ਆ ਪੈਰ ਦਬਾਵਣ।
ਉਸ ਤੋਂ ਸੱਸੀਆਂ ਸ਼ੋਹਣੀਆਂ,
ਕਈ ਸਦਕੇ ਜਾਵਣ।

ਪਰੀਆਂ ਝੁਕ ਝੁਕ ਓਸ ਨੂੰ,
ਆ ਨਾਚ ਦਿਖਾਵਣ।
ਤੱਕ ਕੇ ਹੁਸਨ ਪਿਆਰ ਨੂੰ,
ਪਈਆਂ ਸ਼ਰਮਾਵਣ।

ਨੈਣ ਓਸਦੇ ਵੇਖ ਕੇ,
ਨਰਗਸ ਸ਼ਰਮਾਵੇ।
ਜੜ੍ਹਤ ਦੰਦਾਂ ਦੀ ਵੇਖ ਕੇ,
ਮੋਤੀ ਗਸ਼ ਖਾਵੇ।

ਮੂੰਹੋਂ ਕਿਰਦੇ ਫੁਲ,
ਜਦੋਂ ਹਸ ਜੀ ਬੁਲਾਵੇ।
ਤਾਰੇ ਟੁਟਣ ਅੰਬਰੋਂ,
ਜਦ ਨਗ਼ਮਾ ਗਾਵੇ।

ਸੂਰਜ ਚੰਦ ਸ਼ਰਮਾਂਵਦੇ,
ਜਦ ਬੁਰਕਾ ਲਾਹਵੇ।
ਖਿੜੇ ਬਸੰਤ ਬਹਾਰ,
ਜ਼ਰਾ ਜਦ ਹੱਸ ਵਿਖਾਵੇ।

ਖ਼ਾਕ ਬਣੇ ਕਾਫ਼ੂਰ,
ਜਿਸ ਥਾਂ ਪੈਰ ਟਿਕਾਵੇ।
ਹੁਸਨ ਇਸ਼ਕ ਆ ਨਚਦੇ,
ਜਦ ਨਗ਼ਮਾ ਗਾਵੇ।

ਤੂੰ ਹੁਸਨ ਇਸ਼ਕ ਤੇ ਐਸ਼ ਦਾ,
ਬਣ ਦਿਲ ਤੋਂ ਜਾਨੀ।
ਤੂੰ ਬਣ ਜਾ ਉਸਦਾ ਪਾਤਸ਼ਾਹ,
ਉਹ ਤੇਰੀ ਰਾਨੀ।

(ਸਿਖ਼ ਦਾ ਕਹਿਣਾ)

ਮੈਂ ਠੁਡੇ ਮਾਰ ਕੇ ਡੋਲਿਆਂ,
ਨੂੰ ਪਰ੍ਹਾਂ ਭਵਾਵਾਂ।
ਮੈਂ ਹੂਰਾਂ ਪਰੀਆਂ ਤੇਰੀਆਂ,
ਗੁਤ ਵਢ ਭਜਾਵਾਂ।
ਮੈਂ ਥੁਕਾਂ ਤੇਰੇ ਤਖਤ ਤੇ,
ਫ਼ੜ ਲੰਬੂ ਲਾਵਾਂ।
ਮੈਂ ਇਹ ਰੰਗੀਲੇ ਮਹਿਲ ਤੇਰੇ,
ਕਈ ਫੜ ਕੇ ਢਾਵਾਂ।
ਮੈਂ ਹੁਸਨ ਇਸ਼ਕ ਤੇ ਐਸ਼ ਵਲ,
ਨਾ ਨੈਣ ਉਠਾਵਾਂ।
ਮੈਂ ਖ਼ਾਕ ਗੁਰੂ ਦਸਮੇਸ਼ ਦੀ,
ਚੁਕ ਮਸਤਕ ਲਾਵਾਂ।
ਮੇਰੀ ਰਗ ਰਗ ਅੰਦਰ ਅਨਖ,
ਆਨ ਪਏ ਦੇਣ ਸਲਾਹੀਂ।
ਸਿਖੀ ਛਡ ਕੇ ਦੀਨ ਵਲ,
ਨਾ ਮੂੰਹ ਭਵਾਈਂ।

(ਸੂਬੇ ਦਾ ਕਹਿਣਾ)

ਜੇਕਰ ਘਰ ਖ਼ੁਦਾ ਦਾ,
ਤੂੰ ਲੈਣਾ ਚਾਹੇਂ।
ਵਿਚ ਬਹਿਸ਼ਤਾਂ ਬੱਚਿਆ,
ਜੇ ਬਹਿਣਾ ਚਾਹੇਂ।

ਹੀਰੇ ਲਾਲ ਜਵਾਹਰ ਮੋਤੀ,
ਜੇ ਗਹਿਣਾ ਚਾਹੇਂ।
ਜੇ ਸੇਜਾਂ ਸੁੰਦਰ ਮਖ਼ਮਲੀ,
ਤੇ ਪੈਣਾ ਚਾਹੇਂ।

ਦੋਜ਼ਕ ਦਾਂ ਜੇ ਦੁਖ ਮੂਲ ਨਾ,
ਸਹਿਣਾ ਚਾਹੇਂ।
ਸਜੇ ਹਥ ਖ਼ੁਦਾ ਦੇ,
ਜੇ ਬਹਿਣਾ ਚਾਹੇਂ।

ਤਾਂ ਫਿਰ ਕਲਮਾ ਬਚਿਆ,
ਇਕ ਵਾਰ ਸੁਣਾ ਦੇ।
ਮੱਕੇ ਦੇ ਵਲ ਮੂੰਹ ਕਰ ਕੇ,
ਸੀਸ ਝੁਕਾ ਦੇ।

(ਸਿਖ ਦਾ ਕਹਿਣਾ)

ਹੀਰੇ ਲਾਲ ਜਵਾਹਰ ਨੂੰ,
ਦਸ ਮੈਂ ਕੀ ਕਰਨਾ।
ਛਡ ਕੇ ਸੇਜਾਂ ਠੰਡੀਆਂ,
ਮੈਂ ਭੱਠੀ ਸੜਨਾ।

ਮੈਂ ਨਾਹਰਾ ਲਾ ਅਕਾਲ ਦਾ,
ਹਸ ਸੂਲੀ ਚੜ੍ਹਨਾ।
ਮੈਂ ਕਤਲਗਾਹ ਵਿਚ ਬੈਠ ਕੇ,
ਸਤਿਨਾਮ ਹੈ ਪੜ੍ਹਨਾ।

ਹੂਰਾਂ ਛਡ ਕੇ ਮੌਤ ਦਾ,
ਮੈਂ ਪੱਲਾ ਫੜਨਾ।
ਜੰਨਤ ਨੂੰ ਠੁਕਰਾ ਕੇ,
ਵਿਚ ਦੋਜ਼ਕ ਵੜਨਾ।

ਲਾਲਚ ਦੇ ਵਿਚ ਸੂਬਿਆ,
ਮੈਂ ਆਣ ਨਹੀਂ ਲੱਗਾ।
ਡੋਲੇ ਕੰਜ ਕੁਆਰੀਆਂ ਦੇ,
ਵਿਆਹੁਣ ਨਹੀਂ ਲੱਗਾ।

ਜੇ ਕਲਮਾ ਕਹਿ ਕੇ ਸੂਬਿਆ,
ਮੈਂ ਨਹੀਂ ਹੈ ਮਰਨਾ।
ਜੇ ਕਲਮਾ ਕਹਿ ਕੇ ਕੂਚ,
ਜਹਾਨੋਂ ਨਹੀਂ ਹੈ ਕਰਨਾ।

ਜੇ ਕਲਮਾ ਕਹਿ ਕੇ ਮੌਤ ਦੀ,
ਮੈਂ ਨਹੀਂ ਹੈ ਹਰਨਾ।
ਜੇ ਕਲਮਾ ਕਹਿ ਕੇ ਮੌਤ ਦੀ,
ਮੈਂ ਨਹੀਂ ਹੈ ਤਰਨਾ।
ਜੇ ਕਲਮਾ ਕਹਿ ਕੇ ਪੈਰ,
ਕਬਰ ਵਿਚ ਨਹੀਂ ਹੈ ਧਰਨਾ।
ਜੇ ਕਲਮਾਂ ਕਹਿ ਕੇ ਫੇਰ,
ਜਮਾਂ ਤੋਂ ਨਹੀਂ ਹੈ ਹਰਨਾ।
ਤਾਂ ਮੈਂ ਕਲਮਾ ਦੀਨ ਦਾ,
ਲਿਆ ਸੀਸ ਟਿਕਾਵਾਂ।
ਵਿਚ ਦੀਨ ਦੇ ਆ ਕੇ,
ਮੈਂ ਸ਼ੁਕਰ ਮਨਾਵਾਂ।
ਜੇ ਕਲਮਾ ਕਹਿ ਕੇ ਫੇਰ ਵੀ,
ਮਰ ਜਾਣਾ ਇਕ ਦਿਨ।
ਜੇ ਕਲਮਾ ਕਹਿ ਕੇ ਕੂਚ ਹੋਊ,
ਟਿਕਾਣਾ ਇਕ ਦਿਨ।
ਜੇ ਕਲਮਾ ਕਹਿ ਕੇ,
ਫੇਰ ਜਮਾਂ ਦਬਾਣਾ ਇਕ ਦਿਨ।
ਜੇ ਕਲਮਾ ਕਹਿ ਕੇ ਫੇਰ,
ਹੋਣੀ ਨੇ ਖਾਣਾ ਇਕ ਦਿਨ।

ਤਾਂ ਫਿਰ ਕਲਮਾ ਸੂਬਿਆ,
ਮੈਂ ਮੂਲ ਨਹੀਂ ਕਹਿਣਾ।
ਜਦ ਤਕ ਰਹਾਂਗਾ ਜਗ ਤੇ,
ਵਿਚ ਸਿਖੀ ਰਹਿਣਾ।

(ਸੂਬੇ ਦਾ ਕਹਿਣਾ)

ਵਿਚ ਕੱਖਾਂ ਦੇ ਅੱਗ ਜਿਸ ਤਰ੍ਹਾਂ,
ਛੁਪ ਨਹੀਂ ਸਕਦੀ।
ਆਈ ਹੋਈ ਮੌਤ ਜਿਸ ਤਰ੍ਹਾਂ,
ਰੁਕ ਨਹੀਂ ਸਕਦੀ।

ਸ਼ੇਰ ਦੇ ਸਾਹਵੇਂ ਬੱਕਰੀ,
ਜਿਓਂ ਬੁਕ ਨਹੀਂ ਸਕਦੀ।
ਗੋਲੀ ਨਿਸ਼ਾਨੇ ਤੋਂ ਜਿਸ ਤਰ੍ਹਾਂ,
ਉਕ ਨਹੀਂ ਸਕਦੀ।

ਜਮਦੂਤਾਂ ਤੋਂ ਜਾਨ ਜਿਸ ਤਰ੍ਹਾਂ,
ਲੁਕ ਨਹੀਂ ਸਕਦੀ।
ਵਿਚ ਦੀਨ ਦੇ ਆਏ ਬਿਨਾਂ,
ਗਲ ਮੁਕ ਨਹੀਂ ਸਕਦੀ।

ਤੈਨੂੰ ਅੰਦਰ ਦੀਨ ਦੇ,
ਅੱਜ ਆਣਾ ਪਏਗਾ।
ਮੋਮਨ ਬਣ ਕੇ ਸੀਸ,
ਹੁਣੇ ਝੁਕਣਾ ਪਏਗਾ।

(ਸਿਖ ਦਾ ਕਹਿਣਾ)

ਸ਼ੇਰ ਕਦੀ ਵੀ ਮਿਰਗ ਨੂੰ,
ਨਹੀਂ ਸੀਸ ਝੁਕਾਂਦਾ।
ਚੰਨ ਟਟਹਿਣੇ ਤੇ ਕਦੀ,
ਨਹੀਂ ਚਰਨ ਦਬਾਂਦਾ।

ਮਾਨ ਸਰੋਵਰ ਛੱਡ,
ਹੰਸ ਨਹੀਂ ਛੱਪੜ ਨ੍ਹਾਂਦਾ।
ਹੀਰਾ ਦੇ ਕੇ ਕੌਡੀਆਂ,
ਨਹੀਂ ਕੋਈ ਵਟਾਂਦਾ।

ਮੱਖੀ ਦੇ ਸੰਗ ਬੈਠ ਕੇ,
ਨਹੀਂ ਭੌਰਾ ਖਾਂਦਾ।
ਪਾਣੀ ਅਗ ਦਾ ਮੇਲ ਨਹੀਂ,
ਇਹ ਜਗ ਫਰਮਾਂਦਾ।

ਕੀੜਾ ਜਿਵੇਂ ਪਹਾੜ ਨੂੰ,
ਉਠਾ ਨਹੀਂ ਸਕਦਾ।
ਤੂੰ ਵੀ ਮੈਨੂੰ ਦੀਨ ਵਿਚ,
ਲਿਆ ਨਹੀਂ ਸਕਦਾ।

ਸਤ ਸਮੁੰਦਰ ਸੂਬਿਆ,
ਸੁਕਾ ਸਕਦਾ ਏਂ।
ਫੂਕ ਮਾਰ ਪਹਾੜ ਨੂੰ,
ਉਡਾ ਸਕਦਾ ਏਂ।

ਤਾਰੇ ਗਿਣ ਹਿਸਾਬ ਤੂੰ,
ਸੁਣਾ ਸਕਦਾ ਏਂ।
ਚੰਨ ਸੂਰਜ ਵਿਚ ਨੈਨ ਦੇ,
ਲੁਕਾ ਸਕਦਾ ਏਂ।

ਮਰਿਆਂ ਦੇ ਤਨ ਜਾਨ,
ਸੂਬਿਆ ਪਾ ਸਕਦਾ ਏਂ।
ਮੁਰਦੇ ਕਬਰੋਂ ਕਢ ਕੇ,
ਨਚਾ ਸਕਦਾ ਏਂ।

(ਪਰ) ਮੈਨੂੰ ਸਿਖੀ ਸਿਦ ਤੋਂ,
ਡੁਲਾ ਨਹੀਂ ਸਕਦਾ।
ਵਿਚ ਸ਼ਰ੍ਹਾ ਦੇ ਸੂਬਿਆ,
ਤੂੰ ਲਿਆ ਨਹੀਂ ਸਕਦਾ।

(ਸੂਬੇ ਦਾ ਕਹਿਣਾ)

ਬੋਲੇ ਅਗੋਂ ਤਾੜ ਤਾੜ,
ਤੇਰੀ ਜੀਭ ਕਟਾਵਾਂ।
ਮਾਰ ਕੇ ਖੰਜਰ ਇਕ ਤੇਰਾ,
ਮੈਂ ਸੀਸ ਉਡਾਵਾਂ।

ਡੱਕਰੇ ਤੇਰੇ ਕਰ ਕੇ,
ਕੁਤਿਆਂ ਨੂੰ ਪਾਵਾਂ।
ਜੀਊਂਦਾ ਸਾੜਾਂ ਅੱਗ ਵਿਚ,
ਨਿਸ਼ਾਨ ਮਿਟਾਵਾਂ।

ਕੋਹਲੂ ਦੇ ਵਿਚ ਪਾ ਤੇਰੇ,
ਮੈਂ ਹੱਡ ਤੁੜਾਵਾਂ।
ਕਰ ਕੇ ਤੇਰਾ ਕੀਮੀਆਂ,
ਚੀਲਾਂ ਨੂੰ ਪਾਵਾਂ।

ਆਖੇ ਲਗ ਜਾ ਕਾਫਰਾ,
ਫਿਰ ਫਿਰ ਸਮਝਾਵਾਂ।
ਤੂੰ ਹੈਂ ਡਿਗਦਾ ਖਾਈ ਵਿਚ,
ਮੈਂ ਤਖ਼ਤ ਬਿਠਾਵਾਂ।

(ਸਿਖ ਦਾ ਕਹਿਣਾ)

ਹਥਾਂ ਉਤੇ ਖੂੰਨ ਮੇਰੇ ਦੀ,
ਮਹਿੰਦੀ ਲਾ ਲੈ।
ਚਰਬੀ ਮੇਰੀ ਕਢ ਕੇ,
ਤੂੰ ਜੋਤ ਜਗਾ ਲੈ।

ਹੱਡ ਪੀਹ ਕੇ ਤੂੰ ਧਾਪੀਆ,
ਪਕਵਾਨ ਪਕਾ ਲੈ।
ਖੱਲ ਲੂਹਾ ਕੇ ਸੌ ਵਾਰ,
ਮਰਦੰਗ ਮੜ੍ਹਾ ਲੈ।

ਕਰ ਕੇ ਮੇਰਾ ਕੀਮੀਆਂ,
ਤੂੰ ਰਾਹੜਾ ਲਾ ਲੈ।
ਕਤਲਗਾਹ ਵਿਚ ਕੋਹ ਕੇ,
ਤੂੰ ਈਦ ਮਨਾ ਲੈ।

ਮੈਂ ਨਹੀਂ ਤੇਰੇ ਦੀਨ ਤਖਤ,
ਤੇ ਤਾਜ ਦਾ ਲੋਭੀ।
ਜੰਨਤ ਹੂਰਾਂ ਹੁਸਨ ਐਸ਼,
ਨਹੀਂ ਰਾਜ ਦਾ ਲੋਭੀ।

ਇਸਲਾਮੀ ਕਲਮਾਂ ਭਰਨ ਤੋਂ,
ਇਨਕਾਰ ਈ ਮੇਰਾ।
ਸੀਸ ਧਰਮ ਤੋਂ ਦੇਣ ਲਈ,
ਤਿਆਰ ਈ ਮੇਰਾ।
ਜਿਸ ਕਾਲ ਦਾ ਡਰ ਦੇਂ,
ਓਹ ਯਾਰ ਈ ਮੇਰਾ।
ਧਰਮਰਾਜ ਦਾ ਡਰ ਨਹੀਂ,
ਸੇਵਾਦਾਰ ਈ ਮੇਰਾ।
ਬੰਦ ਬੰਦ ਕਟਵਾਉਣ ਦਾ,
ਇਕਰਾਰ ਈ ਮੇਰਾ।
ਖੰਜਰ ਛੁਰੇ ਤੇ ਛੁਰੀਆਂ,
ਸ਼ਿੰਗਾਰ ਈ ਮੇਰਾਂ।
ਮੌਤ ਮਹਿਬੂਬਾ ਨਾਲ ਦਿਲੋਂ।
ਪਿਆਰ ਈ ਮੇਰਾ।
ਸ਼ਹੀਦੀ ਤਾਂ ਇਕ ਸੂਬਿਆ,
ਵਿਹਾਰ ਈ ਮੇਰਾ।
ਆਖਰ ਲਗੇ ਕਹਿਣ ਸਿੰਘ ਨੂੰ,
ਪਕੜ ਕਸਾਈ ।
ਸ਼ਾਹ ਰਗ ਵੱਢੀ ਛੁਰੀ ਨਾਲ,
ਰਤ ਨਹਿਰ ਵਗਾਈ।

ਨਾਲ਼ ਛੱਤ ਦੇ ਬੰਨ੍ਹ ਕੇ,
ਪੁਠੀ ਖੱਲ ਲਾਹੀ।
ਚਰਬੀ ਸੋਹਣੇ ਸਿਖ ਦੀ,
ਚੀਲਾਂ ਨੂੰ ਪਾਈ।

ਵੇਖਣ ਵਾਲ਼ੇ ਰੋਂਵਦੇ।
ਪਾ ਹਾਲ ਦੁਹਾਈ।
ਸ਼ਰ੍ਹਾ ਦਾ ਹਾਸਾ ਨਿਕਲਿਆ,
ਕੁਦਰਤ ਕੁਰਲਾਈ।

ਆਖਰ ਦਮ ਤਕ ਸੂਰਮਾ,
ਰਿਹਾ ਪੜ੍ਹਦਾ ਬਾਣੀ।
ਯਾਦ ਰਹੂਗੀ 'ਬਾਲਮਾ',
ਸਿਖ ਦੀ ਕੁਰਬਾਨੀ।

ਪੀਰ ਬੁਧੂ ਸ਼ਾਹ

ਪੀਰ ਬੁਧੂ ਸ਼ਾਹ ਜੀ ਇਕ ਦਿਨ ਆਪਣੇ ਤਮਾਮ ਮੁਰੀਦਾ ਨੂੰ ਕਲਗੀਧਰ ਪਾਤਸ਼ਾਹ ਦੀ ਸ਼ਕਤੀ, ਭਗਤੀ, ਬੀਰਤਾ, ਪੀਰਤਾ, ਵਿਦਿਆ ਆਦਿਕ ਦਸਦੇ ਹਨ ਕਿ ਆਪ ਕੀ ਸਨ

(ਕਬਿੱਤ)

ਪੀਰਨ ਕੇ ਪੀਰ ਮੈਨੇ ਦੇਖੇ ਹੈਂ ਗੁਰੂ ਗੋਬਿੰਦ,
ਨਬੀਓਂ ਕੇ ਨਬੀ ਔਰ ਵਲੀਓਂ ਕੇ ਵਲੀ ਥੇ ।
ਗ਼ਾਜ਼ੀਓਂ ਸੇ ਗ਼ਾਜ਼ੀ ਬੜੇ ਬੀਰਨ ਸੇ ਬੀਰ ਬੜੇ,
ਹੱਠੀਉਂ ਸੇ ਹੱਠੀ ਬੜੇ ਬਲੀਓਂ ਕੇ ਬਲੀ ਥੇ ।
ਜੰਗ ਕੇ ਜਤਈਏ ਭਾਰੇ ਤੇਗ਼ ਕੇ ਚਲਈਏ ਬਹੁਤ,
ਰਣ ਖੇਤ ਜਾ ਕੇ ਵੁਹ ਮਚਾਤੇ ਤਰਥਲੀ ਥੇ ।
ਮੁਕਤੀ ਕੇ ਦਾਨੀ ਵੁਹ ਗਿਆਨੀ ਸਭ ਲੋਗਨ ਸੇ,
ਦੁਖੀਓਂ ਕੇ ਦੁਖ ਵੁਹ ਮਿਟਾਤੇ ਭਾਂਤ ਭਲੀ ਥੇ ।

ਹਿੰਦੂਓਂ ਕੇ ਰਾਮ ਔਰ ਬੋਧੀਓਂ ਕੇ ਬੁਧ ਭੀ ਥੇ,
ਖ਼ਾਲਸੇ ਕੇ ਗੁਰੂ ਅਰ ਮੋਮਨੋਂ ਕੇ ਅਲੀ ਥੇ।
ਹਿੰਦੂ ਵਾ ਮੁਸਲਮਾਨ ਆਦਮੀ ਔਰਤ ਮਿਲ,
ਫੂਲ਼ ਬਰਸਾਤੇ ਗੁਰੂ ਜਾਤੇ ਜਿਸ ਗਲੀ ਥੇ।

ਜੂਠੇ ਮੀਠੇ ਬੇਰ ਖਾਕੇ ਰਾਮ ਭੀਲਣੀ ਨਿਹਾਲ ਕੀਤੀ
ਤਰਨ ਪਹਾੜੇ ਵਿਚ ਪੰਪਾਸਰ ਪਾਏ ਸਨ
ਟੂਟੇ ਫੂਟੇ ਤੰਦਲ ਸੁਦਾਮੇ ਦੇ ਖਵਾਏ ਜਿਨੇ
ਦੇਕੇ ਦੇ ਮਹੱਲ ਉਹਦੇ [illegible] ਦੇ ਸੁਹਾਏ ਸਨ
ਕੌਰਵਾਂ ਦੇ ਛੱਡ ਮਿਸ਼ਟਾਨ ਬਿਦਰ ਪਰੋਸਿਆ
ਖਾਇਕੇ ਅਨੂੰ ਦੇ ਗੀਤ ਉਪਮਾ ਦੇ ਗਾਏ ਸਨ
ਕੌਰਵਾਂ ਦੇ ਰੋਟੀ ਖਾਕੇ ਧੰਨੇ ਨੂੰ ਨਿਹਾਲ ਕੀਤਾ
ਘਰਦੇ ਤੇ ਵਾਗੀ ਉਹਦੇ ਡੰਗਰ ਚਰਾਏ ਸਨ
ਨਾਮ ਦੇਵ ਭਗਤੀ ਜਿਸ ਪ੍ਰੇਮ ਦਾ ਸਰੂਪ ਵੇਖ
ਘਰਦੇ ਤੇ ਛੱਪਰੀ ਉਹਦੇ ਅੰਦਰ ਛੁਹਾਏ ਸਨ.
ਰਵਿਦਾਸ ਦੀ ਰੋਟੀ ਖਾਕੇ ਸੈਣ ਨੂੰ ਨਿਹਾਲ ਕੀਤਾ
ਸੈਣ ਦੇ ਪਰਤਖ ਜੋ ਵਿਚ ਕੰਮ ਆਏ ਸਨ
ਪ੍ਰੇਮ ਨੂੰ ਕਬੂਲ ਕਰੋ ਪ੍ਰੇਮ ਦਾ ਹੀ ਭੁੱਖਾ ਰਾਮ
ਆਲਮ ਪ੍ਰੇਮ ਭੁੱਖ ਸਾਰਾ ਸਮਾਏ ਸਨ

ਭਗਵਾਨ

ਢੂੰਡੇ ਚਲਾ ਭਗਵਾਨ ਕੋ,
ਮੰਦਰ ਮੇਂ ਨਾ ਦੇਖਾ ਬਜ਼ਾਰ ਮੇਂ ਦੇਖਾ।
ਜਮਨਾ ਗਿਆ ਗੁਦਾਵਰੀ,
ਸੁਰਸ੍ਵਾਤੀ ਨਾ ਹਰਦੁਆਰ ਮੇਂ ਦੇਖਾ।
ਨਾ ਪੰਡਤ ਕੀ ਘੰਟੀ ਸੁਣ ਰਹਾ,
ਨਾ ਦਰਯੋਧਨ ਕੇ ਰੰਗ ਮਹਲ ਮੇਂ।
ਕੇਲੇ ਕਾ ਛਿਲਕਾ ਖਾ ਰਹਾ,
ਬਿਧੰਰ ਕੇ ਟੂਟੇ ਬਾਰ ਮੇਂ ਦੇਖਾ।

ਤਾਨ ਕੇ ਕਮਾਨੇਂ ਔਰ ਆਂਖੋ ਸੇ ਨਿਕਾਰ ਆਨੇ,
ਕਹੈਂ ਦਰਯੋਧਨ ਮੇਰੇ ਗ੍ਰਹਿ ਗੱਰ ਆਤੇ ਆਪ।
ਸੇਜ ਫੂਲੋਂ ਕੀ ਪੈ ਸੋਤੇ ਚਰਨ ਦੂਧ ਸੇ ਆ ਧੋਤੇ,
ਕੰਚਨ ਕੇ ਮੰਦਰੋਂ ਮੇ ਡੇਰਾ ਜੋ ਲਗਾਤੇ ਆਪ।

ਹਮ ਚਰਨ ਦਬਾਤੇ ਲਾਖੋਂ ਫੂਲ ਬਰਸਾਤੇ ਗਾਤੇ,
ਹਲਵਾ ਖੀਰ ਪੂੜੀਆਂ ਮਠਿਆਈ ਖੂਬ ਖਾਤੇ ਆਪ ।
ਥਾ ਬਿਧਰ ਬਲ ਹੀਨਾ ਖਾਇਆ ਸਾਗ ਜਾਂ ਅਲੂਣਾ,
ਟੂਟੀ ਫੂਟੀ ਝੋਂਪੜੀ ਮੇਂ ਕਸ਼ਟ ਕਿਉਂ ਉਠਾਤੇ ਆਪ ।

ਭਗਵਾਨ ਦਾ ਜਵਾਬ →

ਹੰਸ ਬੋਲੇ ਭਗਵਾਨ ਸੁਣੋ ਰਾਜਾ ਲਾ ਕੇ ਕਾਨ,
ਕੰਚਨੋਂ ਕੇ ਮੰਦਰੋਂ ਸੇ ਝੋਂਪੜੀ ਪਿਆਰੀ ਹੈ ।
ਸਾਗ ਖੀਰ ਸੇ ਭੀ ਮੀਠਾ ਐਸਾ ਕਭੀ ਨਾ ਖਾ ਡੀਠਾ,
ਹਰ ਜਸ ਗਾਤੇ ਰਾਤ ਸੁੰਦਰ ਗੁਜ਼ਾਰੀ ਹੈ ।
ਤੇਰੇ ਗ੍ਰਿਹ ਆਤੇ ਏਤਾ ਸੁਖ ਨਾਹੀਂ ਪਾਤੇ ਹਮ,
ਤੋਰੀ ਤੋ ਸੂਰਤ ਹੰਕਾਰ ਬਲੀ ਮਾਰੀ ਹੈ ।
ਤੂੰ ਹੈ ਅਭਿਮਾਨੀ ਅਗਿਆਨੀ ਨਾ ਗਿਆਨ ਤੋਹੇ,
ਪ੍ਰੇਮ ਸੇ ਪਿਆਰਾ ਮਿਲੇ 'ਬਾਲਮ' ਬੀਚਾਰੀ ਹੈ ।

ਪ੍ਰੇਮ ਵੱਸ ਭਗਤਾਂ ਨੇ ਕੀਤਾ
ਪ੍ਰੇਮ ਕੀਆਂ ਦਾ ਭੁੱਖਿਆਂ ।

ਤੋਤੇ ਕੋ ਪੜ੍ਹਾਵਨੇ ਸੇ ਗਣਿਕਾ ਨੇ ਬਾਂਧ ਲੀਆ
ਗਜਿੰਦਰ ਨੇ ਬਾਂਧ ਲੀਆ ਪ੍ਰੇਮ ਕੀ ਪੁਕਾਰੋਂ ਸੇ
ਮੁਠੀ ਭਰ ਚਾਵਲ ਸੇ ਸੁਦਾਮਾ ਜੀ ਨੇ ਬਾਂਧ ਲੀਆ
ਭਿਛਿਆ ਨੇ ਬਾਂਧ ਲੀਆ, ਫੂਲਨ ਕੇ ਹਾਰੋਂ ਸੇ
ਮਾਖਨ ਕੇ ਚਾਖਨੇ ਸੇ ਗੋਪੀਓਂ ਨੇ ਬਾਂਧ ਲੀਆ
ਅਰਜਨ ਨੇ ਬਾਂਧ ਸਖਾ ਨਾਤੇ ਮਿਤ੍ਰ ਨਾਤੋਂ ਸੇ
ਝੂਠੇ ਬੇਰ ਚਾਖਨ ਸੇ ਭੀਲਨੀ ਨੇ ਬਾਂਧ ਲੀਆ
ਦਰੋਪਤੀ ਨੇ ਬਾਂਧ ਲੀਆ ਚੀਰ ਤਾਰ ਤਾਰੋਂ ਸੇ

ਸ਼ਕਤੀਏ ਗੁਰੂ ਨਾਨਕ

ਨਾਨਕ ਕੀ ਨਜ਼ਰੋਂ ਮੇਂ,
ਨਜ਼ਰ ਹੈ ਇਲਾਹੀ।
ਹੈ ਦਸਤੇ ਮੁਬਾਰਕ,
ਮੇਂ ਉਨ ਕੈ ਖੁਦਾਈ।
ਕਾਨੋਂ ਮੇਂ ਉਨ ਕੇ,
ਗ਼ਰੀਬੋਂ ਕੀ ਚੀਖੇਂ।
ਦਿਲ ਮੇਂ ਦਰਦ ਹੈ,
ਜ਼ਬਾਂ ਪੇ ਸਚਾਈ।

ਹਰਿ ਜਾਂ ਬਰਗੇ ਗੁਲ ਮੇਂ,
ਨਾਨਕ ਕੀ ਹਰਿ ਸੂ ਬੂ ਹੈ।
ਹਰ ਜਗ੍ਹਾਂ ਹਰ ਆਂਖ ਮੇਂ,
ਨਾਨਕ ਕੀ ਜੁਸਤ-ਜੂ ਹੈ।

ਸੂਰਜ ਵਾ ਚਾਂਦ ਤਾਰੇ,
ਰੌਸ਼ਨ ਹੈਂ ਨਾਨਕ ਨੂਰ ਸੇ।
ਹਰਿ ਜ਼ਬਾਂ ਹਰਿ ਕਾਨ ਮੇਂ,
ਨਾਨਕ ਕੀ ਗੁਫਤਗੂ ਹੈ।

ਨਾ ਪੰਡਤ ਕਾ ਪ੍ਰੇਮੀ ਵੂਹ ਹੈ,
ਨਾ ਮੀਆਂ ਪੇ ਮੇਹਰਬਾਨ ਹੈ।
ਜੰਞੂ ਤਿਲਕ ਲਗਾਤਾ ਨਹੀਂ,
ਨਾ ਵੋਹ ਸੁੰਨਤਵਾਨ ਹੈ।
ਸੂਰਤੇ ਉਲਫ਼ਤ ਹੈ,
ਉਲਫ਼ਤ ਉਸ ਕਾ ਮਜ਼ੁਬ ਹੈ।
ਉਲਫ਼ਤ ਸੇ ਮਿਲਤਾ ਹੈ,
ਕਿਉਂਕਿ ਵੂਹ ਹੁਕਮਰਾਨ ਹੈ।

ਮਿਲਾ ਮਦੀਨਾਂ ਮੇਂ ਕਿਸੀ ਕੋ,
ਬਗ਼ਦਾਦ ਗਾਤਾ ਮਿਲ ਗਿਆ।
ਮਿਲਾ ਬਹਿਸ਼ਤੋਂ ਮੇਂ ਕਿਸੀ ਕੋ,
ਮਕੇ ਮੇਂ ਆਤਾ ਮਿਲ ਗਿਆ।
ਮਿਲਾ ਬਨਾਰਸ ਮੇਂ ਕਿਸੀ ਕੋ,
ਪੱਥਰ ਛੁੜਾਤਾ ਮਿਲ ਗਿਆ।
ਮਿਲਾ ਖੁਦਾ ਬਨ ਕਿਸੀ ਕੋ,
ਬਿਗੜੀ ਬਨਾਤਾ ਮਿਲ ਗਿਆ।

–o–

ਇਨਸਾਨ ਰਬ ਨੂੰ

ਕਾਸ਼ ਜੇ ਮੈਂ ਇਨਸ਼ਾਨ ਨਾ ਹੁੰਦਾ।

ਮੈਂ ਵਿਚ ਤੇਰੇ ਤੂੰ ਵਿਚ ਮੇਰੇ,
ਇਕ ਦੂਜੇ ਵਿਚ ਹੁੰਦੇ ਡੇਰੇ।
ਤੇਰਾ ਜਸ ਵਡਿਆਈ ਹੁੰਦਾ।
ਮੇਰਾ ਰੂਪ ਇਲਾਹੀ ਹੁੰਦਾ।
ਮੌਤ ਦਾ ਮੈਂ ਮਹਿਮਾਨ ਨਾ ਹੁੰਦਾ,
ਕਾਸ਼ ਜੇ ਮੈਂ ਇਨਸਾਨ ਨਾ ਹੁੰਦਾ।

ਕੋਈ ਮੈਨੂੰ ਕਹਿੰਦਾ ਰਾਮ,
ਕੋਈ ਕਹਿੰਦਾ ਜੈ ਘਨਸ਼ਾਮ।
ਕੋਈ ਕਹਿੰਦਾ ਲਾਏ-ਲਾ,
ਕੋਈ ਕਹਿੰਦਾ ਓਅੰ ਸੁਹਾ।
ਮੈਂ ਪਾਪੀ ਪਹਿਚਾਨ ਨਾ ਹੁੰਦਾ,
ਕਾਸ਼ ਜੇ ਮੈਂ ਇਨਸਾਨ ਨਾ ਹੁੰਦਾ।

ਕੋਈ ਲਭਦਾ ਮੰਦਰ ਮੈਨੂੰ,
ਕੋਈ ਮਕੇ ਅੰਦਰ ਮੈਨੂੰ।
ਪੜ੍ਹਦੇ ਮੇਰੀਆਂ ਸਭ ਨਿਮਾਜ਼ਾਂ,
ਕਢਦੇ ਮੇਰੀਆਂ ਸੌ ਨਿਆਜ਼ਾਂ।
ਮੈਂ ਜ਼ੁਲਮੀ ਤੂਫਾਨ ਨਾ ਹੁੰਦਾ,
ਕਾਸ਼ ਜੇ ਮੈਂ ਇਨਸਾਨ ਨਾ ਹੁੰਦਾ।

ਮੈਨੂੰ ਸਾਰੇ ਸੀਸ ਝੁਕਾਂਦੇ,
ਮੇਰੇ ਨਾਂ ਤੋਂ ਸਦਕੇ ਜਾਂਦੇ।
ਘਰ ਘਰ ਮੇਰੇ ਆਸ਼ਕ ਹੁੰਦੇ,
ਸਾਰੇ ਮੇਰੇ ਸਾਦਕ ਹੁੰਦੇ।
ਹਰਗਿਜ਼ ਮੈਂ ਸ਼ੈਤਾਨ ਨਾ ਹੁੰਦਾ,
ਕਾਸ਼! ਜੇ ਮੈਂ ਇਨਸਾਨ ਨਾ ਹੁੰਦਾ।

ਕਿਸੇ ਦੇ ਆਖੇ ਰੁਕਦਾ ਨਾ ਮੈਂ,
ਕਿਸੇ ਦੇ ਸਾਂਹਵੇਂ ਝੁਕਦਾ ਨਾ ਮੈਂ।
ਹਾਂ ਜੀ, ਹਾਂ ਜੀ ਕਰਦਾ ਨਾ ਮੈਂ,
ਕਿਸੇ ਦਾ ਪਾਣੀ ਭਰਦਾ ਨਾ ਮੈਂ।
ਮੇਰਾ ਇਹ ਧਿਆਨ ਨ ਹੁੰਦਾ,
ਕਾਸ਼! ਜੇ ਮੈਂ ਇਨਸਾਨ ਨ ਹੁੰਦਾ।

ਮੁਰਗੀ ਅੰਡੇ ਖਾਂਦਾ ਨਾ ਮੈਂ,
ਵਿਸਕੀ ਪੈਗ ਉੜ੍ਹਾਂਦਾ ਨਾ ਮੈਂ।
ਹੁਸਨ ਵੇਖ ਕੇ ਹਸਦਾ ਨਾ ਮੈਂ,
ਜ਼ੁਲਫ ਦੇ ਕੁੰਡਲ ਫਸਦਾ ਨਾ ਮੈਂ।

ਮੈਂ ਪਾਪੀ ਪਹਿਚਾਨ ਹੁੰਦਾ।
ਕਾਸ਼!ਜੇ ਮੈਂ ਇਨਸਾਨ ਨਾ ਹੁੰਦਾ।

ਵੀਰਾਂ ਨਾਲ ਨਾ ਵੀਰ ਲੜਾਂਦਾ,
ਸੰਖ ਬਾਂਗ ਦੇ ਵੈਰ ਨਾ ਪਾਂਦਾ।
ਮੰਦਰ ਦੇ ਬੁਤ ਢਾਂਹਦਾ ਨਾ ਮੈਂ,
ਮਸਜਿਦ ਨੂੰ ਅੱਗ ਲਾਂਦਾ ਨਾ ਮੈਂ।

ਮੈਂ ਕਦੀ ਸ਼ੈਤਾਨ ਨਾ ਹੁੰਦਾ,
ਕਾਸ਼! ਜੇ ਮੈਂ ਇਨਸਾਨ ਨਾ ਹੁੰਦਾ।

ਹੁਸਨ ਫੁਲ ਦਾ ਭੌਰ ਨਾ ਹੁੰਦਾ,
ਚੰਦ ਦਾ ਮੈਂ ਚਕੋਰ ਨਾ ਹੁੰਦਾ।
ਪਿਆਰ ਦੇ ਫੰਦੇ ਮੂਲ ਨਾ ਪਾਂਦਾ,
ਨਾ ਮੈਂ ਕਿਸੇ ਦਾ ਦਿਲ ਚੁਰਾਂਦਾ।

ਕਿਸੇ ਦਾ ਮੈਂ ਸੈਹਬਾਨ ਨਾ ਹੁੰਦਾ,
ਕਾਸ਼! ਜੇ ਮੈਂ ਇਨਸਾਨ ਨਾ ਹੁੰਦਾ।

ਜੋਤ ਨਾਲੋਂ ਵਿਛੋੜ ਕੇ ਮੈਨੂੰ,
ਮਾਲਾ ਨਾਲੋਂ ਤੋੜ ਕੇ ਮੈਨੂੰ।
ਕੀ ਮਿਲਿਆ ਏ ਤੈਨੂੰ ਰੱਬਾ,
ਦਸ ਉਰ੍ਹਾਂ ਹੋ ਮੈਨੂੰ ਰੱਬਾ।

ਮੈਂ ਐਡਾ ਹੈਰਾਨ ਨਾ ਹੁੰਦਾ,
ਕਾਸ਼! ਜੇ ਮੈਂ ਇਨਸਾਨ ਨਾ ਹੁੰਦਾ,

ਧਰਮ ਰਾਜ ਤੋਂ ਡਰਦਾ ਨਾ ਮੈਂ,
ਮੌਤ ਕੋਲੋਂ ਵੀ ਮਰਦਾ ਨਾ ਮੈਂ।
ਮੈਥੋਂ ਕੰਬਦਾ ਅਜ਼ਰਾਈਲ,
ਪਾਣੀ ਭਰਦਾ ਜ਼ਬਰਾਈਲ।

ਕਾਲ ਪਾਸੋਂ ਮੈਂ ਖ਼ਾਨ ਨਾ ਹੁੰਦਾ,
ਕਾਸ਼!ਜੇ ਮੈਂ ਇਨਸਾਨ ਨਾ ਹੁੰਦਾ।

ਮੈਨੂੰ ਪਾਪੀ ਕਹਿਣਾ ਛਡਦੇ,
ਮੇਰੇ ਪਿਛੇ ਪੈਣਾ ਛਡਦੇ।
ਖੁਦ ਹੀ ਮੈਥੋਂ ਪਾਪ ਕਰਾਵੇਂ,
ਫਿਰ ਨਰਕਾਂ ਦੇ ਦਾਬੇ ਲਾਵੇਂ।

ਮੇਰਾ ਕਦੀ ਇਹ ਬਿਆਨ ਨਾ ਹੁੰਦਾ।
ਕਾਸ਼ ! ਜੇ ਮੈਂ ਇਨਸਾਨ ਨਾ ਹੁੰਦਾ।

ਜੋਸ਼ ਨਾਲ ਫਿਰ ਜੋਤ ਮਿਲਾ ਲੈ,
ਅਪਣੇ ਪਲੇ ਆਪਣਾ ਪਾ ਲੈ।
ਹੱਥ ਜੋੜ ਕੇ ਧੌਣ ਝੁਕਾਈ,
'ਬਾਲਮ' ਦੀ ਮੰਨ੍ਹ ਹਾਲ ਦੁਹਾਈ।

ਮੇਰਾ ਨੱਕ ਘਸਾਣ ਨਾ ਹੁੰਦਾ।
ਕਾਸ਼ ਜੇ ਮੈਂ ਇਨਸਾਨ ਨਾ ਹੁੰਦਾ।

ਸਰਹੰਦ ਦੀ ਦੀਵਾਰ

ਖੜੇ ਹੋ ਕੇ ਦੀਵਾਰ ਵਿਚ ਕਹਿਣ ਲਗੇ,
ਅਸਾਂ ਪੰਥ ਲਈ ਮਹਿਲ ਬਨਾਵਣਾ ਏਂ।
ਥਾਂ ਇੱਟਾਂ ਦੇ ਚਿਨਾਂਗੇ ਸਿਰ ਅਪਣੇ,
ਗਾਰਾ ਗੋਸ਼ਤ ਤੇ ਮਿੱਜ ਦਾ ਲਾਵਣਾ ਏਂ।
ਪੋਚਾ ਖੂੰਨ ਦਾ ਫੇਰ ਕੇ ਫਰਸ਼ ਉਤੇ,
ਲਾਹ ਕੇ ਖੱਲ਼ ਕਲੀਨ ਵਛਾਵਣਾ ਏਂ।
ਅਸਾਂ ਚਰਬੀ ਪੰਘਾਰ ਕੇ ਤੇਲ ਵਾਂਗਰ,
ਸਿਖ ਪੰਥ ਲਈ ਗੈਸ ਜਗਾਵਣਾ ਏਂ।

ਤਖ਼ਤ ਤਾਜ ਤੇ ਹੂਰਾਂ ਦੇ ਨਾਜ਼ ਨਖਰੇ,
ਸਾਡੇ ਦਿਲ ਤੇ ਅਸਰ ਨਹੀਂ ਪਾ ਸਕਦੇ।
ਝੁਕ ਗਏ ਜੋ ਸਿਰ ਦਸਮੇਸ਼ ਅਗੇ,
ਮਕੇ ਵਲ ਹਨ ਕੌਣ ਝੁਕਾ ਸਕਦੇ।

ਜਦੋਂ ਖ਼ੜੇ ਸਨ ਲਾਲ ਦੀਵਾਰ ਅੰਦਰ,
ਹੈਸਨ ਹੱਸਦੇ ਦਿਲ ਦਿਲਗੀਰ ਨਹੀਂ ਸੀ।
ਦੁਸ਼ਮਨ ਅਤੇ ਜੱਲਾਦ ਸਨ ਚੌਹੀਂ ਪਾਸੀਂ,
ਕੋਲ ਮਾਤਾ ਪਿਤਾ ਕੋਈ ਵੀਰ ਨਹੀਂ ਸੀ।
ਤੜਫ ਰਹੀਆਂ ਸੀ ਦਰਦ ਦੇ ਨਾਲ ਜਾਨਾਂ,
ਐਪਰ ਮਰਦਾਂ ਦੀ ਅੱਖ ਵਿਚ ਨੀਰ ਨਹੀਂ ਸੀ।
ਦੱਬੇ ਹੋਏ ਸੀ ਇੱਟਾਂ ਦੀ ਤਹਿ ਅੰਦਰ,
ਗਲ ਸ਼ਰ੍ਹਾ ਦੀ ਪਾਈ ਜ਼ੰਜੀਰ ਨਹੀਂ ਸੀ।

ਅਨਖ਼ ਆਨ ਤੇ ਜੋਸ਼ ਸਨ ਖ਼ੜੇ ਹਾਜ਼ਰ,
ਭਗਤੀ ਬੀਰਤਾ ਗਰਦਨ ਝੁਕਾਈ ਹੋਈ ਸੀ।
ਧਰਮ ਹੱਸਦਾ ਸੀ ਤੱਕ ਬੀਰਤਾ ਨੂੰ,
ਕੋਲ ਸ਼ਮ੍ਹਾਂ ਸ਼ਰਮਿੰਦੀ ਸ਼ਰਮਾਈ ਹੋਈ ਸੀ।

ਵਾਂਗ ਫੁਲਾਂ ਦੇ ਫੁਲ ਦੋ ਖਿੜੇ ਹੈਸਨ,
ਵੇਖ ਦਰਦੇ-ਦਿਲ ਕੁਰਲਾਣ ਲਗਾ।
ਫੁਟ ਫੁਟ ਕੇ ਧਰਤੀ ਰੋਣ ਲਗੀ,
ਅੰਬਰ ਵੇਖ ਕੇ ਤੇ ਫਟ ਜਾਣ ਜਾਣ ਲਗਾ।
ਲੱਗੀ ਅੱਗ ਪਹਾੜਾਂ ਦੇ ਫਟੇ ਸੀਨੇ,
ਸੂਰਜ ਰੋ ਰੋ ਕੇ ਗੱਸ਼ ਖ਼ਾਣ ਲਗਾ।
ਰੋਣ ਲਗੀਆਂ ਧੁਪ ਤੇ ਛਾਂ ਮਿਲ ਕੇ,
ਸਬਰ ਵੇਖ ਕੇ ਜ਼ੁਲਮ ਸ਼ਰਮਾਣ ਲਗਾ।

ਹਠ ਵੇਖ ਕੇ ਸ਼ਰ੍ਹਾ ਨੇ ਵੈਨ ਪਾਏ,
ਸਿਦਕ ਵੇਖਕੇ ਦੀਨ ਘਬਰਾ ਗਿਆ ਸੀ।
ਜਿਤ ਵੇਖ ਕੇ ਹਾਰ ਕੁਰਾਲ ਉਠੀ,
ਪਿਆਰ ਵੇਖਕੇ ਪਾਪ ਸ਼ਰਮਾ ਗਿਆ ਸੀ।

ਸਾਨੂੰ ਵੇਖ ਕੇ ਖੁਸ਼ੀ ਦੇ ਨਾਲ ਹਸੋ,
ਤੁਸੀਂ ਕਿਉਂ ਜੇ ਰੋਣ ਕੁਰਲਾਣ ਲਗੇ।
ਜਿਥੇ ਗਏ ਨੇ ਵਡੇ ਭਰਾ ਸਾਡੇ,
ਸ਼ੁਕਰ ਕਰ ਕੇ ਅਸੀਂ ਵੀ ਜਾਣ ਲਗੇ।
ਉਹੋ ਵੇਖ ਲਓ ਬਾਹੀਂ ਫੈਲਾ ਦੋਵੇਂ,
ਕਰ ਕਰ ਸੈਨਤਾਂ ਸਾਨੂੰ ਬੁਲਾਣ ਲਗੇ।
ਸਾਡੀ ਦਾਦੀ ਨੂੰ ਦਿਓ ਸੰਦੇਸ਼ ਜਾ ਕੇ,
ਤੇਰੇ ਵਲ ਨਹੀਂ ਪੋਤਰੇ ਆਣ ਲਗੇ।

ਖਾਰੇ ਸਗਨਾਂ ਦੇ ਸਮਝ ਦੀਵਾਰਾਂ ਤਾਈਂ,
ਅਸਾਂ ਆਪਣੇ ਲਹੂ ਵਿਚ ਨਹਾਵਣਾ ਏਂ।
ਘੋੜੀ ਅਨਖ ਦੀ ਚੜ੍ਹ ਕੇ ਅਸਾਂ 'ਬਾਲਮ',
ਲਾੜੀ ਮੌਤ ਨੂੰ ਅੱਜ ਵਿਹਾਵਣਾ ਏ'।

★

ਸੀਤਾ ਵਿਰਲਾਪ

ਆ ਵੇ ਪ੍ਰੀਤਮ ਤੇਰੀ ਖ਼ਾਤਰ, ਦਿਲ ਦਾ ਪਲੰਘ ਬਣਾਵਾਂ,
ਖੱਲ੍ਹ ਲੁਹਾ ਕੇ ਕਰਾਂ ਵਿਛਾਈ, ਖ਼ੂਨ ਦੀ ਮਹਿੰਦੀ ਲਾਵਾਂ।
ਰਖਾਂ ਪਾਵਿਆਂ ਥਲੇ ਸਿਰ ਨੂੰ, ਟੁਕੜੇ ਚਾਰ ਬਣਾ ਕੇ,
ਤਖ਼ਤ ਤਾਜ ਦੀ ਲੋੜ ਨਾ ਮੈਨੂੰ,ਦਰਸ਼ਨ ਲਈ ਕੁਰਲਾਵਾਂ।

ਮੇਰੇ ਸਾਸ ਜੁਦਾਈ ਨੇ ਜੁਦਾ ਕੀਤੇ,
ਕੱਲੀ ਕੂੰਜ ਦੇ ਵਾਂਗ ਕੁਰਲਾਨੀਆਂ ਮੈਂ।
ਹਵਾ ਨਾਲ ਜੇ ਝੁਗੀ ਦਾ ਕੱਖ ਹਿਲੇ,
ਸਮਝਾਂ ਰਾਮ ਆਏ ਰਾਹ ਤਕਾਨੀਆਂ ਮੈਂ।
ਪੀਣ ਵਾਸਤੇ ਹੰਝੂ ਨਸੀਬ ਮੇਰੇ,
ਖਾਣ ਵਾਸਤੇ ਠੋਕਰਾਂ ਖਾਨੀਆਂ ਮੈਂ।
ਮੈਨਾਂ ਵਾਂਗ ਵਿਚ ਪਿੰਜਰੇ ਕੈਦ ਹੋਈ,
ਹਿਜਰ ਤੇਰੇ ਵਿਚ ਸੁਕਦੀ ਜਾਨੀਆਂ ਮੈਂ।

ਭੁੱਲ ਗਿਆ ਏ ਸੀਤਾ ਦਾ ਪਿਆਰ ਤੈਨੂੰ,
ਤਦੇ ਭੁਲ ਮੈਨੂੰ ਕਿਤੇ ਰਹਿ ਗਿਆ ਏਂ ।
ਤੂੰ ਹੈਂ ਭੌਰਾਂ ਤੇ ਫੁਲ ਬੇ-ਅੰਤ ਤੇਰੇ,
ਕਿਸੇ ਚਮਕ ਦੀ ਕਲੀ ਤੇ ਬਹਿ ਗਿਆ ਏਂ।

ਤੂੰ ਕੀ ਕਦਰ ਵਿਛੋੜੇ ਦੀ ਜਾਣਦਾ ਏਂ,
ਸੀਤਾ ਵਰਗਾ ਦਿਲ ਬਣਾ ਕੇ ਤੱਕ।
ਜਿਸ ਅੱਗ ਵਿਚ ਸੀਤਾ ਹੈ ਸੜੀ ਜਾਂਦੀ,
ਕਦੇ ਆਪਣਾ ਤਨ ਚੜ੍ਹਾ ਕੇ ਤੱਕ।
ਜਿਹੜੇ ਬ੍ਰਿਹੋਂ ਦੇ ਗੀਤ ਮੈਂ ਨਿਤ ਗਾਵਾਂ,
ਭਰੇ ਨੈਣਾਂ ਦੇ ਨਾਲ ਉਹ ਗਾ ਕੇ ਤੱਕ।
ਜਿਸ ਪਰੇਮ ਦੀ ਚਿਖਾ ਤੇ ਚੜ੍ਹੀ ਆਂ ਮੈਂ,
ਵਿਚ ਆਪਣੇ ਆਪ ਨੂੰ ਪਾ ਕੇ ਤੱਕ।

ਗੱਲਾਂ ਭੁਲ ਗਈਆਂ ਜਦ ਤੂੰ ਆਖਦਾ ਸੈਂ,
ਸੀਤਾ ਤੇਰੇ ਬਿਨਾਂ ਮੇਰਾ ਜੀਣ ਨਾਹੀਂ।
ਐਵੇਂ ਝੂਠੀਆਂ ਅੱਥਰਾਂ ਕੇਰਦਾ ਸੈਂ,
ਤੇਰੇ ਬਿਨਾਂ ਮੇਰਾ ਖਾਣ ਪੀਣ ਨਾਹੀਂ।

ਲੋਕੀਂ ਮਿਲਦੇ ਜੇਹਲ ਦੇ ਕੈਦੀਆਂ ਨੂੰ,
ਮੇਰੀ ਜੇਹਲ ਵਿਚ ਵੀ ਮੁਲਾਕਾਤ ਹੈ ਨਹੀਂ।

ਕੰਤਾਂ ਵਾਲੀਆਂ ਸੌਂਦੀਆਂ ਰਾਤ ਸੁਖ਼ ਦੀ,
ਸੀਤਾ ਵਾਸਤੇ ਸੁਖਾਂ ਦੀ ਰਾਤ ਹੈ ਨਹੀਂ।
ਚਰਨੀਂ ਲਗੀਆਂ ਦੇ ਕੰਤ ਦੁਖ ਵੰਡਣ,
ਕੋਈ ਸੀਤਾ ਦੀ ਪੁਛਦਾ ਵਾਤ ਹੈ ਨਹੀਂ।
ਮੈਂ ਤਾਂ ਉਹੀ ਹਾਂ ਜਿਹੜੀ ਮੈਂ ਸਾਂ ਪਹਿਲੇ,
ਤੇਰੇ ਵਿਚ ਪਹਿਲੀ ਗਲ ਬਾਤ ਹੈ ਨਹੀਂ।

ਮੇਰੇ ਰਾਮ ਵੇ ਦੇਹ ਦੀਦਾਰ ਆ ਕੇ,
ਰੋਂਦੇ ਨੈਣਾਂ ਵਿਚ ਹੰਝੂ ਹਜ਼ਾਰ ਤੱਕ ਲੈ।
ਤੱਕ ਹੱਡੀਆਂ ਦੀ ਆ ਕੇ ਮੁਠ ਮੇਰੀ
ਦੁਖੀ ਦਿਲ ਦੇ ਦਰਦ ਲੰਗਾਰ ਤੱਕ ਲੈ।

ਹੱਡ ਹੱਡੀਆਂ ਹੜਬਾਂ ਨਿਕਲ ਆਈਆਂ,
ਹਾਰੀ ਕਿਸਮਤ ਦੀ ਗੀਤ ਰਹੀ ਗਾ ਤੇਰਾ।
ਰਤਾ ਰੱਤ ਨਾ ਰਹੀ ਸਰੀਰ ਅੰਦਰ,
ਰਾਖ਼ ਬਣ ਰਹੀ ਰਾਹ ਤੱਕਾ ਤੇਰਾ।
ਰਾਮ ਰਾਮ ਪੁਕਾਰ ਦੀ ਕੋਇਲ ਵਾਂਗੂ,
ਰਤਾ ਬਦਲਿਆ ਨਹੀਂ ਸੁਭਾ ਤੇਰਾ।
ਪਿਆਰ ਪਾਏ ਦਾ ਫਲ ਪਈ ਪਾਂਵਨੀ ਹਾਂ,
ਮੇਰੇ ਰਾਮ ਵੇ ਕੀ ਗੁਨਾਹ ਤੇਰਾ।

ਦਿਲ ਦੀ ਸੇਜ ਤੇ ਬ੍ਰਿਹੋਂ ਪਸਾਰ ਸੁਤਾ,
ਨੈਣਾਂ ਵਿਚ ਪਈ ਨਚੇ ਜੁਦਾਈ ਤੇਰੀ।
ਹੋਠਾਂ ਉਤੇ ਪਈ ਮੇਰੀ ਫਰਿਆਦ ਹੋਵੇ,
ਜਾਨ ਤੋੜਦੀ ਪਈ ਕਠਨਾਂਈ ਤੇਰੀ।

ਪਾਣੀ ਪੀਵਾਂ ਤਾਂ ਜਾਨ ਪ੍ਰਾਣ ਮੇਰੇ,
ਰੋਟੀ ਖਾਂ ਤਾਂ ਆਂਦਰਾਂ ਖਾਂਵਦੀ ਏ।
ਲਗੇ ਅੱਖ ਤਾਂ ਸੁਪਨੇ ਆਉਣ ਤੇਰੇ,
ਉਠ ਬਹਾਂ ਤਾਂ ਜਾਗ ਤੜਫਾਂਵਦੀ ਏ।
ਗਲਾਂ ਕਰਾਂ ਤਾਂ ਤੇਰੀਆਂ ਯਾਦਾਂ ਆਵਣ,
ਚੁਪ ਕਰਾਂ ਤਾਂ ਜਾਨ ਕੁਰਲਾਂਵਦੀ ਏ।
ਦਿਨ ਦੈਂਤ ਬਣ ਕੇ ਮੈਨੂੰ ਦੁਖ ਦੇਂਦਾ,
ਡੈਣ ਬਣ ਕੇ ਰਾਤ ਰੁਵਾਂਵਦੀ ਏ।

ਪਾ ਪਾ ਔਂਸੀਆਂ ਉਂਗਲਾਂ ਘਸ ਗਈਆਂ,
ਰੋ ਰੋ ਕੇ ਕਾਂਗ ਉਡਾਂਵਦੀ ਏ।
ਖੰਭ ਹੋਣ ਤਾਂ ਉਡ ਕੇ ਆ ਮਿਲਾਂ,
ਕਦੇ ਪੰਛੀਆਂ ਨੂੰ ਹਾੜੇ ਪਾਂਵਦੀ ਏ।

ਵੇ ਪੰਛੀਓ ! ਪੌਣ ਅਸਵਾਰ ਵੀਰੋ,
ਆਕੇ ਸੁਣੀਓਂ ਇਕ ਦੁਖਿਆਰ ਦਾ ਦੁਖ।

ਉਡ ਉਡ ਕੇ ਨਾ ਵਿਖਾਓ ਮੈਨੂੰ,
ਜ਼ਰਾ ਪੁਛੋ ਤਾਂ ਸਹੀ ਬੀਮਾਰ ਦਾ ਦੁਖ।
ਅੜਿਓ ਪਰਾਂ ਦੀ ਸੌਂ ਜੇ ਆਓ ਥਲੇ,
ਜ਼ਰਾ ਤਕੋ ਖਾਂ ਰੋਂਦੀ ਮੁਟਿਆਰ ਦਾ ਦੁਖ।
ਮੈਨੂੰ ਵੇਖ ਕੇ ਹਾਸੀ ਨ ਕਰੋ ਬੀਬਾ,
ਬੁਰਾ ਹੁੰਦਾ ਜੇ ਟੁਟ ਗਏ ਪਿਆਰਾਂ ਦਾ ਦੁਖ।

ਅੱਛਾ! ਆਂਵਦੇ ਨਹੀਂ ਤਾਂ ਗਲ ਏਨੀ,
ਮੇਰੇ ਰਾਮ ਨੂੰ ਜਾ ਕੇ ਕਹਿ ਦਿਆ ਜੇ।
ਤੇਰੀ ਸੀਤਾ ਨੂੰ ਪਕੜ ਕੇ ਜ਼ਬਰਦਸਤੀ,
ਰਾਵਨ ਤੜਫਦੀ ਲੰਕਾ ਵਿਚ ਲੈ ਗਿਆ ਜੇ।

ਕਦੀ ਤਾਰਿਆਂ ਨੂੰ ਕਹਿੰਦੀ ਤਾਰਿਓ ਵੇ,
ਮੇਰਾ ਡੁੱਬਦੀ ਦਾ ਬੇੜਾ ਤਾਰ ਦਿਓ।
ਚੰਨ ਓਹਲੇ ਤਾਂ ਨਹੀਂ ਮੇਰਾ ਰਾਮ ਲੁਕਿਆ,
ਜਿਸ ਨੂੰ ਵੇਖ ਕੇ ਖਿਲੀਆਂ ਮਾਰ ਦਿਓ।
ਇੰਦਰਪੁਰੀ ਵਿਚ ਇੰਦਰ ਤੋਂ ਪੁਛਿਆ ਜੇ,
ਸਚਖੰਡ ਵਿਚ ਜ਼ਰਾ ਨੇਹਾਰ ਦਿਓ।
ਪਤਾ ਕਰ ਕੇ ਵਿਸ਼ਨੂੰ ਤੋਂ ਅੱਛੀ ਤਰ੍ਹਾਂ,
ਨਿਗੂੰ ਸੂਰਜ ਦੇ ਘਰ ਵੀ ਮਾਰ ਦਿਓ।

ਪੰਪਾ ਸਰ ਵਿਚ ਵੀ ਜਾ ਕੇ ਵੇਖਿਆ ਜੇ,
ਮਤੇ ਭੀਲਨੀ ਦੇ ਖਾਂਦਾ ਬੇਰ ਹੋਵੇ।
ਜੂਠੇ ਮਿਠੇ ਖਵਾ ਕੇ ਬੇਰ ਖਟੇ,
ਸ਼ਾਇਦ ਓਸੇ ਨੇ ਹੀ ਲਿਆ ਘੇਰ ਹੋਵੇ।

ਮਨਾਂ ਰੋ ਰੋ ਕੇ ਆਪੇ ਚੁਪ ਕਰ ਜਾ,
ਤੈਨੂੰ ਕਿਸੇ ਵੀ ਚੁਪ ਕਰਾਵਣਾ ਨਹੀਂ।
ਅੱਖਾਂ ਪੂੰਜ ਕੇ ਕਿਸੇ ਨਹੀਂ ਹਾਲ ਪੁਛਣਾ,
ਬਾਹੀਂ ਖੋਹਲ ਕੇ ਗਲੇ ਲਗ਼ਾਵਣਾ ਨਹੀਂ।
ਰੋ ਤੜਫ ਕੇ ਹਾਲ ਵੰਜਾ ਬੇਸ਼ਕ,
ਤੇਰੇ ਰਾਮ ਤਾਂ ਦਰਦ ਵੰਡਾਵਣਾ ਨਹੀਂ।
ਜਿਸਦੇ ਹਿਜਰ ਵਿਚ ਤੂੰ ਹੈਂ ਮਰੀ ਜਾਂਦੀ,
ਸੀਤਾ ਕਹਿ ਕੇ ਉਸ ਨੂੰ ਬੁਲਾਵਣਾ ਨਹੀਂ।

ਲੱਖ਼ਾਂ ਦੇਵੀਆਂ ਚੁੰਮਦੀਆਂ ਚਰਨ ਤੇਰੇ,
ਵਿਚ ਦੇਵੀਆਂ ਦੇ ਇਕ ਮਿਕ ਹੈਂ ਤੂੰ।
ਤੇਰੇ ਵਾਸਤੇ ਸੀਤਾ ਬੇ-ਅੰਤ ਰਾਮਾ,
ਸੀਤਾ ਵਾਸਤੇ ਤਾਂ ਰਾਮ ਇਕ ਹੈਂ ਤੂੰ।

ਛਡ ਦੇਵੇ ਕਸਾਈ ਜਿਉਂ ਕੱਟ ਗਰਦਨ,
ਉਵੇਂ ਤੜਫਦੀ ਹਾਂ ਕਾਲੇ ਬਾਗ਼ ਦੇ ਵਿਚ।

ਬ੍ਰਿਹੋਂ ਅੱਗ ਵਿਚ ਸੜਦੀ ਜਾਂਵਦੀ ਹਾਂ,
ਜੀਕੂੰ ਸੜੇ ਪਤੰਗਾ ਚਰਾਗ ਦੇ ਵਿਚ।
ਆਰੀ ਯਾਦ ਦੀ ਦਿਲ ਨੂੰ ਚੀਰਦੀ ਏ,
ਜੀਕੂੰ ਦਾਤਰੀ ਚਲਦੀ ਸਾਗ ਦੇ ਵਿਚ।
ਪਿਟ ਪਿਟ ਕੇ ਕੰਧਾਂ ਨਾਲ ਲਗ ਰੋਵਾਂ,
ਇਹੋ ਲਿਖਿਆ ਸੀ ਮੇਰੇ ਭਾਗ ਦੇ ਵਿਚ।

ਭਾਗਾਂ ਵਾਲਿਆਂ ਭਾਗ ਬਣਾ ਮੇਰੇ,
ਏਨੀ ਜ਼ਿਦ ਵੀ ਕਰਨੀ ਚਾਹੀਦੀ ਨਹੀਂ।
ਪਹਿਲੇ ਪ੍ਰੇਮ ਦੀ ਸ਼ਮ੍ਹਾਂ ਜਗਾ 'ਬਾਲਮ',
ਫੂਕ ਮਾਰ ਕੇ ਫੇਰ ਬੁਝਾਈਦੀ ਨਹੀਂ।

ਮੇਰੀ ਤਲਵਾਰ

ਮੇਰੀ ਬਿਹੋ ਤਲਵਾਰ ਭੈਣ ਹੈ ਕਾਲ ਦੀ,
ਢੂੰਬੇ ਖਾਣੇ ਮੁਗਲ ਆਪੇ ਸੰਭਾਲਦੀ।
ਮੁਗਲਾਂ ਦੀਆਂ ਅਜ ਝਟਕਾਵੇ ਟੋਲੀਆਂ,
ਮੁਗਲਾਣੀਆਂ ਬੈਠੀਆਂ ਰੋਣ ਵਢ ੨ ਬੋਲੀਆਂ।
ਇਹ ਨਦੀ ਵਗਾਵੇ ਖੂਨ ਦੀ ਵਿਚ ਪਸ਼ੌਰ ਦੇ,
ਮੈਨੂੰ ਸੁਣ ਕੇ ਕੰਬਨ ਮੁਗਲ ਲਾਹੌਰ ਦੇ।
ਕਾਬਲ ਦੀਆਂ ਹੈਨ ਜੋ ਕੁਲ ਪਠਾਣੀਆਂ,
ਰੰਡੀਆਂ ਦੇ ਬਾਹਾਂ ਇਹ ਢੂੰਬੇ ਭਾਨੀਆਂ।
ਰਤ ਕੰਧਾਰੀ ਮੁਗਲ ਦੀ ਚੰਡੀ ਭਾਲਦੀ,
ਝੱਕਰੇ ਖੂਬ ਬਨਾਵੇ ਬੁਢੇ ਬਾਲ ਦੀ।
ਗਜ਼ਨੀ ਦੇ ਵਿਚ ਗੱਜੇ ਬਚੀ ਸ਼ੇਰ ਦੀ,
ਭਜ ਭਜ ਕੇ ਇਹ ਮੁਗਲਾਂ ਨੂੰ ਘੇਰ ਦੀ।

ਨਿਕਲਨ ਨਾ ਦੇਂਦੀ ਮੂਲ ਧੌਣੇਂ ਪਗੜਦੀ,
ਭੁਖੇ ਸ਼ੇਰ ਵਾਂਗ ਉਸ ਨੂੰ ਰਗੜਦੀ।
ਖੈਬਰ ਨੂੰ ਵੀ ਖਬਰ ਹੈ ਇਸ ਤਲਵਾਰ ਦੀ,
ਰੁੰਨਾਂ ਢਾਹੀਂ ਮਾਰ ਕੇ ਸਾਨੂੰ ਮਾਰਦੀ।
ਥੱਰ ਥੱਰ ਸਾਰਾ ਖੈਬਰ ਕੰਬੇ ਡਰ ਕੇ,
ਇਹ ਨਦੀ ਵਗਾਂਦੀ ਖ਼ੂਨ ਦੀ ਜਾਂਦੀ ਤਰ ਕੇ।
ਦਿਲੀ ਕਰ ਦੇ ਢਿਲੀ ਵਿਚ ਸਕਿੰਟ ਦੇ,
ਦੁਸ਼ਮਨ ਦੇ ਪਾਂਦੀ ਖਪਾ ਇਕ ਮਿੰਟ ਦੇ।
ਨਹਾਉਣ ਦਾ ਜੇ ਦਿਲ ਕਰੇ ਤਲਵਾਰ ਦਾ,
ਮੁਗ਼ਲ ਕਿਸੇ ਦਾ ਖ਼ੂਨ ਉਛਾਲੇ ਮਾਰਦਾ।
ਕਰ ਕੇ ਡੱਕਰੇ ਖ਼ੂਬ ਖ਼ੂਨ ਡੋਲਦੀ,
ਨਾਵਾਂ ਇਸ ਦੇ ਵਿਚ ਮੂੰਹੋਂ ਹੈ ਬੋਲਦੀ।
ਕੋਈ ਨਾ ਐਸੀ ਸ਼ਕਤੀ ਜੋ ਝਲੇ ਵਾਰ ਨੂੰ,
'ਬਾਲਮ' ਮੁਸਲੇ ਕਰਨ ਸਲਾਮ ਮੇਰੀ ਤਲਵਾਰ ਨੂੰ।

ਸੱਜ ਵਿਆਹਿਆ ਸਿਪਾਹੀ

ਸੁਖੀਂ ਲਧੇ ਲਾਲ ਮਾਂ ਦੇ ਵਿਆਹ ਕਰਾਇਆ,
ਉਨੇਂ ਗਾਨਾ ਚਾਵਾਂ ਨਾਲ ਕਿਸੇ ਤੋਂ ਹਸ ਬਨ੍ਹਾਇਆ।
ਵਾਗਾਂ ਗੁੰਦੀਆਂ ਭੈਣ ਵੀਰ ਹਥ ਲਾਗ ਫੜਾਇਆ,
ਜਦ ਸਣੇ ਜਾਂਞੀਆਂ ਵਿਆਹਕੇ ਪੁਤ ਘਰ ਨੂੰ ਆਇਆ।
ਦੂਰੋਂ ਵੇਖ ਕੇ ਪੁਤ ਨੂੰ ਮਾਂ ਸ਼ੁਕਰ ਮਨਾਇਆ,
ਕਹਿੰਦੀ ਸੁਖਣਾਂ ਸੁਖਦੀ ਦਿਨ ਸੋਹਣਾ ਆਇਆ।
ਗਲ ਵਿਚ ਪਾ ਕੇ ਢੋਲ ਕਿਸੇ ਨੇ ਦਿਤਾ ਫੇਰਾ।
ਪਾਇਆ ਹੈ ਜਮਰੌਦ ਨੂੰ ਮੁਗ਼ਲਾਂ ਨੇ ਘੇਰਾ।
ਏਨੀ ਸੁਣ ਕੇ ਸਜ ਵਿਆਹੇ ਦਾ ਲੂੰ ਲੂੰ ਸੜਿਆ,
ਉਹਦੇ ਨੈਣੋਂ ਡੁਲ੍ਹਾ ਖੂਨ ਜੋਸ਼ ਬੇਹੱਦਾ ਚੜ੍ਹਿਆ।
ਬੁਲ੍ਹ ਟੁਕੇ ਬੱਬਰ ਸ਼ੇਰ ਨਾਗ ਅਨਖਾਂ ਦਾ ਲੜਿਆ,
ਫਰਕੇ ਡੌਲੇ ਸਿੰਘ ਦੇ ਹਥ ਖੰਡਾ ਫੜਿਆ।

ਹਡੀਆਂ ਦੀ ਅਗ ਬਾਲ ਜਿਸਨੂੰ ਕਾਲ ਨੇ ਘੜਿਆ,
ਤਿਉਂ ਜਾਪੇ ਜ਼ਿਉਂ ਜੀਭ ਕਾਲ ਦੀ ਰੰਗ ਰਤਾ ਚੜ੍ਹਿਆ
ਜਿਸ ਤੋਂ ਡਰਦਾ ਧਰਮਰਾਜ ਕੋਈ ਅਗੇ ਨਾ ਅੜਿਆ।
ਘੋੜੇ ਦਾ ਮੂੰਹ ਝਟ ਪਿਛਾਹਾਂ ਭਵਾਇਆ,
ਲਿਆ ਜਾਂਝੀਆਂ ਰੋਕ ਪੋਹਲ ਵਿਚ ਜ਼ਹਿਰ ਮਲਾਇਆ।

(ਉਧਰ)

ਆ ਡੋਲੀ ਰਖੀ ਬੂਹੇ ਵਿਚ ਸੀ ਚਹੁੰ ਕਹਾਰਾਂ,
ਪਤਾ ਲਗਾ ਜਾਂ ਪਿੰਡ ਵਿਚ ਆਈਆਂ ਸਭ ਨਾਰਾਂ।
ਵਹੁਟੀ ਵੇਖ਼ਣ ਵਾਸਤੇ ਚਲੀਆਂ ਮੁਟਿਆਰਾਂ,
ਭੈਣ ਡੋਲ੍ਹਦੀ ਬੂਹੇ ਵਿਚ ਸੀ ਤੇਲ ਦੀਆਂ ਧਾਰਾਂ।
ਸਗਨ ਮਨਾਏ ਰਿਜ ਰਜ ਕੇ ਮਾਂ ਹਜ਼ਾਰਾਂ,
ਗੀਤ ਮੇਲਣਾ ਗੋਂਦੀਆਂ ਜਿਉਂ ਵਜਣ ਸਤਾਰਾਂ।
(ਇਸ) ਡੋਲੀ ਦੇ ਵਿਚ ਬੈਠਾ ਸੀ ਕੋਈ ਚੰਦ ਅਸਮਾਨੀ,
(ਇਹਦੇ) ਦਿਲ ਵਿਚ ਸੌ ਸੌ ਸਧਰਾਂ ਸੀ ਸੁਖਾਂ ਦੀ ਰਾਣੀ।
ਇਹ ਸੀ ਕੋਈ ਓਪਰੀ ਓਪਰੇ ਪਿੰਡ ਵਾਲੀ,
ਇਹਦੇ ਨੱਕ ਵਿਚ ਨੱਥ ਸੁਹਾਗ ਦੀ ਮਥੇ ਵਿਚ ਲਾਲੀ।
ਇਹਦੇ ਨੈਣ ਪਿਆਲੇ ਸ਼ਰਮ ਦੇ ਸ਼ਰਮਾਕਲ ਬਾਹਲੀ,
ਇਹਦੇ ਬਾਹੀਂ ਚੂੜਾ ਲਾਲ ਮਹਿੰਦੀ ਲਾਲ ਗੁਲਾਲੀ।
ਇਹਦੇ ਕਈ ਕਲੀਰੇ ਲਟਕਦੇ ਇਹ ਸੀ ਰਖਵਾਲੀ,
ਏਨੂੰ ਸਭ ਕੁਝ ਸਤਿਗੁਰ ਸੌਂਪਿਆ ਸੀ ਵੀਰਾਂ ਤੋਂ ਖਾਲੀ।

ਭੱਜੀ ਇਕ ਮੁਟਿਆਰ ਜਿਥੇ ਇਹ ਪਈ ਸੀ ਡੋਲੀ,
(ਉਹ) ਵਹੁਟੀ ਨੂੰ ਫੜ ਮੋਣਿਓ ਤੇ ਏਦਾਂ ਬੋਲੀ।
ਨੀ ਸਜ ਵਿਆਹੀਏ ਵੌਟੀਏ ਗਲ ਪਈਓ ਭੇਡੀ,
ਨੀ ਪਤੀ ਗਿਆ ਈ ਜੰਗ ਨੂੰ ਪੈ ਮੌਤ ਦੀ ਡੰਡੀ।
ਉਸ ਵਤ ਨਹੀਂ ਔਣਾ ਪ੍ਰਤ ਕੇ ਹੁਣ ਹੋਈਓਂ ਰੰਡੀ,
(ਉਹੋ) ਤੈਨੂੰ ਧਕਾ ਦੇ ਗਿਆ ਵਿਚ ਦੁਖਾਂ ਮੰਡੀ।
ਪੀ ਕੇ ਉਸ ਦਾ ਖੂਨ ਹੋਉਗੀ ਹੋਣੀ ਠੰਡੀ,
ਉਸ ਦੇ ਪਿਛੇ ਲੱਗੀ ਏ ਕਲਜੋਗਣੀ ਵੰਡੀ।
ਜਾਹ ਉਠ ਜਾਂਦੀ ਵਾਰ ਦੀਆਂ ਦੋ ਗਲਾਂ ਕਰ ਲੈ।
ਨਾਲੇ ਕਰ ਦੀਦਾਰ ਨਾਲੇ ਰੋ ਹੌਕੇ ਭਰ ਲੈ।

(ਸਜ ਵਿਆਹੀ ਦਾ ਕਹਿਣਾ)

ਮਥੇ ਤੇ ਵਟ ਪਾ ਕੇ ਕਹਿੰਦੀ ਭਾਗ ਨੀ ਤਤੀਏ,
ਨੀ ਸ਼ਾਲਾ ਲੜ ਜਾਏ ਜੀਭ ਤੇ ਨਾਗ ਨੀ ਤਤੀਏ।
ਜੇ ਪਤੀ ਮੇਰਾ ਜਾਏ ਜੰਗ ਨੂੰ ਧੰਨ ਭਾਗ ਨੀ ਤਤੀਏ,
ਮੈਂ ਹਥੀਂ ਟੋਰਾਂ ਜੰਗ ਨੂੰ ਸੋਹਾਗ ਨੀ ਤਤੀਏ।
ਜੇ ਘਰ 'ਚ ਪਤੀ ਮੈਂ ਰਖਿਆ ਲਗੂ ਦਾਗ ਨੀ ਤਤੀਏ,
ਮੈਂ ਕੀਕੂੰ ਫੜਾਂ ਦੇਸ਼ ਸੇਵਕ ਦੀ ਵਾਗ ਨੀ ਤਤੀਏ।
ਦੇ ਕੇ ਝਿੜਕਾਂ ਓਸ ਨੂੰ ਪਤੀ ਵਲ ਆਈ,
ਹਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ।

(ਸਿਖ ਦਾ ਕਹਿਣਾ)

ਅਜ ਤੇਰੇ ਮੇਰੇ ਪਿਆਰ ਦੇ ਪਰ ਝੜਦੇ ਦਿਸਣ,
ਅਜ ਟੁਟ ਗਏ ਨਾਤੇ ਅਸਾਂ ਦੇ ਚਾਅ ਸੜਦੇ ਦਿਸਣ।
ਅਜ ਪਤੀ ਤੇਰੇ ਨੂੰ ਕਾਲ ਹੁਰੀਂ ਪਏ ਖੜਦੇ ਦਿ
ਅਜ ਸੁਹਾਗ ਤੇਰੇ ਦੇ ਡਕਰੇ ਹੋਏ ਧੜਦੇ ਦਿਸ
ਅਜ ਤੇਰੇ ਸਿਰ ਤੇ ਦੁਖ ਕਸ਼ਟ ਪਏ ਚੜ੍ਹਦੇ ਦਿਸਣ,
ਅਜ ਮੈਨੂੰ ਸਿੰਘ ਜਮਰੌਦ ਵਿਚ ਪਏ ਲੜਦੇ ਦਿਸਣ।
ਤੂੰ ਤੁਰ ਜਾ ਪੇਕੀਂ ਆਪਣੇ ਮੈਂ ਜੰਗ ਨੂੰ ਚਲਿ
ਨਾ ਰੋਕੀਂ ਮੰਨੂ ਜਾਣ ਤੋਂ ਨਹੀਂ ਰਹਿਣਾ ਠਲ੍ਹਿ

(ਸਿੰਘਣੀ ਦਾ ਕਹਿਣਾ)

ਜਦ ਜੋਧਾ ਚੜ੍ਹਿਆ ਜੰਗ ਨੂੰ ਹਸ ਕਹਿੰਦੀ ਨਾਰੀ।
ਤੂੰ ਜਾ ਵੇ ਮੇਰੇ ਲਾੜਿਆ ਜੰਗ ਨੂੰ ਸੌ ਵਾਰੀ।
ਮੈਨੂੰ ਸੋਹਣੇ ਸੁਹਾਗ ਤੋਂ ਪੰਜਾਬ ਪਿਅ
ਜਾਹ ਡਕਰੇ ਕਰ ਅਫ਼ਗਾਨ ਦੇ ਮੈਂ ਸਦਕੇ ਵ
ਨਠਣਗੇ ਅਫਗਾਨ ਜਦੋਂ ਤੂੰ ਭਭਕ ਮਾਰੀ,
ਪਰ ਜੰਗ 'ਚ ਕਰੀਂ ਨਾ ਯਾਦ ਇਹ ਪ੍ਰਣ ਪਿਆਰੀ।
ਮਤੇ ਤੈਨੂੰ ਪਿਆਰ ਘੇਰ ਐਥੇ ਲੈ ਅ
ਮੇਰੀ ਕੀਤੀ ਕੱਤਰੀ ਫੜ ਖੂਹੇ ਪ

(ਸਿੰਘ ਦਾ ਕਹਿਣਾ)

ਹਸ ਕਿਹਾ ਸਰਦਾਰ ਨੇ ਪਈ ਜਾਪੇਂ ਭੋਲੀ,
ਅਜੇ ਨਾ ਤੇਰੀ ਗਈ ਵਾਪਸ ਪੇਕਿਆਂ ਘਰ ਡੋਲੀ।
ਅਜੇ ਛੋਟਾ ਮੇਰਾ ਵੀਰ ਤੇਰੀ ਨਾ ਬੈਠਾ ਝੋਲੀ,
ਅਜੇ ਆਪਾਂ ਵਿਚ ਪ੍ਰੀਤ ਮੁਠ ਨ ਕਿਸੇ ਦੀ ਖੋਹਲੀ।
ਅਜੇ ਗੁਟੀਂ ਗਾਨੇ ਸੋਂਹਵਦੇ ਨਾ ਖੇਡੀ ਹੋਲੀ,
ਨਾ ਲਿਆ ਤੂੰ ਮਾਂ ਦਾ ਪਿਆਰ ਰਤਾ ਨਾ ਹਸੀ ਬੋਲੀ।
ਮੈਂ ਹੋ ਜਾਣਾ ਸ਼ਹੀਦ ਤੇ ਤੂੰ ਵਿਧਵਾ ਹੋਸੇਂ।
ਮੈਂ ਨਹੀਂ ਔਣਾ ਪਰਤ ਕੇ ਤੂੰ ਪਿਟ ਪਿਟ ਰੋਸੇਂ।

(ਸਿੰਘਣੀ ਦਾ ਕਹਿਣਾ)

ਉਹ ਹਸੀ ਖਿੜ ਖਿੜਾ ਕੇ ਤੇ ਏਦਾਂ ਬੋਲੀ,
ਬੇ-ਸ਼ਕ ਸੜ ਜਾਏ ਸੌ ਵਾਰ ਸਜਨਾਂ ਦੀ ਡੋਲੀ।
ਤੂੰ ਰਾਖਾ ਬਣ ਜਾ ਦੇਸ਼ ਦਾ ਮੈਂ ਦੇਸ਼ ਦੀ ਗੋਲੀ,
ਜਾਹ ਵਿਆਹ ਲੈ ਲਾੜੀ ਮੌਤ ਨੂੰ ਬਹੁ ਉਸਦੀ ਝੋਲੀ।

ਰਣ ਵਿਚ ਤੇਗਾਂ ਵਾਹ ਖੇਡ ਖੂਨ ਦੀ ਹੋਲੀ,
ਹੈ ਸਭ ਕੁਝ ਜਾਣਾ ਸੁਹਾਗ ਵੇ ਕਮਲੀ ਭੋਲੀ।

(ਜੇ) ਤੈਨੂੰ ਘਰ ਵਿਚ ਰਖਿਆ ਮੈਂ ਸਰਦਾਰ ਦੀ ਪਤਨੀ,
ਤਾਂ ਮੈਨੂੰ ਲੋਕੀਂ ਕਹਿਣਗੇ ਗੱਦਾਰ ਦੀ ਪਤਨੀ।

(ਸਿੰਘ ਦਾ ਕਹਿਣਾ)

ਦੇਹ ਆਗਿਆ ਚਲਿਆ ਮੈਂ ਪ੍ਰਾਣ ਪਿਆਰੀ,
ਹੁਣ ਤੇਰਾ ਰਾਖਾ ਹੋਊਗਾ ਨਾਨਕ ਨਿਰੰਕਾਰੀ।
ਉਸ ਚੁੰਮੇ ਚਰਨ ਸੁਹਾਗ ਦੇ ਸੀ ਸੌ ਸੌ ਵਾਰੀ,
ਸਿੰਘ ਫਤਹ ਬੁਲਾਈ ਆਖਰੀ ਸੀ ਜਾਂਦੀ ਵਾਰੀ।
ਹਥੀਂ ਟੋਰਿਆ ਜੰਗ ਨੂੰ ਪੰਜਾਬਣ ਨਾਰੀ,
ਇਸ ਹਸਕੇ ਖੁਸ਼ੀ ਮਨਾਈ ਜੀਕੂੰ ਧਨ ਮਿਲਿਆ ਭਾਰੀ।
ਨਹੀਂ ਹੁੰਦਾ ਕਦੀ ਗੁਲਾਮ ਦੇਸ਼ ਨਹੀਂ ਖਾਂਦਾ ਹਾਰਾਂ,
ਭੇਜਣ ਜੰਗ ਵਿਚ ਪਤੀ ਨੂੰ ਜਿਸ ਦੇਸ਼ ਦੀਆਂ ਨਾਰਾਂ।

(ਅਠਾਰਾਂ ਸਾਲ ਦੀ ਭੈਣ)

ਏਨੇ ਚਿਰ ਭੈਣ ਛੋਟੀ ਵਾਗਾਂ ਫੜ ਲਈਆਂ,
ਤੂੰ ਸੁਣ ਵੇ ਮੇਰੇ ਵੀਰਨਾ ਤੈਨੂੰ ਕਹਿ ਰਹੀਆਂ।
ਇਕੋ ਛਾਤੀ ਦੋਹਾਂ ਨੇ ਦੁਧ ਧਾਰਾਂ ਲਈਆਂ।
ਤੂੰ ਵੀਰ ਮੇਰਾਂ ਮੈਂ ਭੈਣ ਹਾਂ ਗਲਾਂ ਭੁਲ ਗਈਆਂ।
ਅਜ ਪ੍ਰੀਤਾਂ ਸਾਡੀਆਂ ਸਭੇ ਖੂਹ ਪਈਆਂ,
ਨਾ ਜਾਹ ਸੁਟ ਕੇ ਖੂਹ ਵਿਚ ਪ੍ਰੇਮੀ ਵਹੀਆਂ।
ਕਿਥੇ ਚਲਿਆ ਵੀਰ ਵੇ ਅਜ ਘੋੜੀ ਚੜ੍ਹ ਕੇ।
ਲੱਕ ਲਟਕਾਈ ਤੇਗ ਹਥ ਵਿਚ ਬਰਛਾ ਫੜ ਕੇ।

(ਵੀਰ ਦਾ ਕਹਿਣਾ)

ਤੂੰ ਸੁਣ ਨੀ ਭੈਣੇ ਭੋਲੀਏ ਮੈਂ ਸਿੰਘ ਸਿਪਾਹੀ,
ਦੁਖੀਆਂ ਦੀ ਗਲ ਆਪਣੇ ਮੈਂ ਪੌਣੀ ਫਾਹੀ।
ਮੈਂ ਨਹੀਂ ਚਾਹੁੰਦਾ ਦੁਖੀ ਨੂੰ ਨਿਤ ਕੋਹਣ ਕਸਾਈ,
ਮੈਂ ਦੋਖੀ ਵਢਣੇ ਦੇਸ਼ ਦੇ ਜਿਨ੍ਹਾਂ ਅਤ ਚਾਈ।
ਭਭਕੀ ਲਗੀ ਤੇਗ਼ ਨੂੰ ਹੈ ਖ਼ੂਨ ਤਿਹਾਈ,
ਤੂੰ ਵਿਦਿਆ ਕਰਦੇ ਵੀਰ ਜੋ ਮਾਂ ਪਿਓ ਜਾਈ।
(ਤੂੰ) ਸੁਖ਼ਨਾ ਸੁਖ ਦਸਮੇਸ਼ ਅਗੇ ਮੈਂ ਸ਼ਹੀਦੀ ਪਾਵਾਂ,
ਵਿਚ ਸ਼ਹੀਦਾਂ ਜਾ ਆਪਣਾ ਨਾਂ ਲਿਖਾਵਾਂ।

(ਭੈਣ ਦਾ ਕਹਿਣਾ)

ਤੂੰ ਹਥੀਂ ਸਗਨ ਟੋਰ ਮੇਰਾ ਮੂੰਹ ਦੇ ਕਿਸ ਦੇ ਲਾਇਆ,
ਤੂੰ ਪੁਤ ਬਿਗ਼ਾਨਾ ਸਿਰ ਮੇਰੈ ਦਾ ਤਾਜ ਬਣਾਇਆ।
ਜਦ ਪਰਸੋਂ ਸਿਹਰੇ ਬੰਨ੍ਹ ਕੇ ਘਰ ਤੇਰੇ ਆਇਆ,
ਜੇ ਤੂੰ ਨਾ ਲਭੇਂ ਘਰ ਕਹੂ ਕੀ ਪੁਤ ਪ੍ਰਾਇਆ।
ਜਾਂਞੀ ਸਾਰੇ ਕਹਿਣਗੇ ਵਾਹ ਵਿਆਹ ਰਚਾਇਆ,
ਇਸ ਬੀਬੀ ਦਾ ਵੀਰ ਨਹੀਂ ਕੋਈ ਮਾਂ ਪਿਓ ਜਾਇਆ।
ਤੂੰ ਦਿਨ ਭਲਕ ਦਾ ਠਹਿਰ ਜਾ ਪਰਸੋਂ ਟੁਰ ਜਾਈਂ,
ਫਿਰ ਮੈਨੂੰ ਵਿਦਿਆ ਕਰ ਤੂੰ ਜੰਗ ਮਚਾਈਂ।

(ਮਾਂ)

ਹਟ ਜਾ ਧੀਏ ਵੀਰ ਨੂੰ ਨਾ ਜਾਣ ਤੋਂ ਰੋਕੀਂ,
ਨੀ ਪੁਤ ਚੜ੍ਹਿਆ ਏ ਜੰਗ ਨੂੰ ਨਾ ਬਚੀਏ ਟੋਕੀਂ।
ਜੇ ਘਰ ਵਿਚ ਪੁਤ ਮੈਂ ਰਖਿਆਂ ਕੀ ਕਹਿਣਗੇ ਲੋਕੀਂ,
ਮੈਂ ਪੁਤ ਨੂੰ ਜੰਗ ਵਿਚ ਸੀ ਆਸ ਚਿਰੋਕੀ।

(ਮਾਂ ਪੁਤ ਨੂੰ)

ਤੂੰ ਜਾਹ ਵੇ ਬੱਚਾ ਜੰਗ ਨੂੰ ਮੈਂ ਬਖਸ਼ੀਆਂ ਧਾਰਾਂ,
ਤੂੰ ਪੁਤਰ ਹੈਂ ਰਾਜਪੂਤ ਦਾ ਜਿਸ ਮਾਰੀਆਂ ਮਾਰਾਂ।
ਜਾਹ ਵਿਆਹ ਲੈ ਲਾੜੀ ਮੌਤ ਨੂੰ ਮੈਂ ਪਈ ਵੰਗਾਰਾਂ,
(ਵੇ) ਰਣ ਵਿਚ ਸਿਖ ਦਸਮੇਸ਼ ਦੇ ਨਹੀਂ ਖਾਂਦੇ ਹਾਰਾਂ।
ਜੇ ਜਿਉਂਦਾ ਰਿਹੋਂ ਤਾਂ ਆਣ ਕੇ ਪੁਤ ਲੈ ਲਈਂ ਸਾਰਾਂ,
ਨਹੀਂ ਤਾਂ 'ਬਾਲਮ' ਗਾਊਂਗਾ ਚੰਨ ਤੇਰੀਆਂ ਵਾਰਾਂ।

ਅਣਖ਼ੀਲਾ ਪਿਆਰ

ਬੈਠੀ ਲੈ ਕੇ ਸੱਧਰਾਂ ਇਕ ਸਜ ਵਿਆਹੀ,
ਉਹ ਪਰਸੋਂ ਹਾਲਾਂ ਪੇਕਿਓਂ ਮੁਕਲਾਵੇਂ ਆਈ।
(ਉਹਦੇ)ਬਾਹੀਂ ਚੂੜਾ ਲਾਲ ਸੀ ਹੱਥ ਮਹਿੰਦੀ ਲਈ,
(ਉਹਦੇ)ਕਈ ਕਲੀਰੇ ਲੜਕਦੇ ਗੱਲ ਤੇਗ ਸਜਾਈ।
(ਉਹਦੇ)ਆਸੇ ਪਾਸੇ ਆ ਨਨਾਣਾਂ ਛਹਿਬਰ ਲਾਈ।
ਵਾਜੇ ਵਜਣ ਢੋਲ ਨਾਲ ਵਜੇ ਸ਼ਹਿਨਾਈ।
ਇਹ ਸੀ ਹੁਜਨ ਬਹਾਰ ਦੀ ਮਹਾਂਰਾਣੀ ਆਈ,
ਜਿਸਨੇ ਪਿਆਰੀ ਪਿਆਰ ਦੀ ਸੀ ਮਹਿਕ ਫੈਲਾਈ।

ਤੱਕ ਨਿਰਾਲੇ ਨੈਣ ਉਹਦੇ ਨਰਗਸ ਸ਼ਰਮਾਵੇ,
ਜੜ੍ਹਤ ਦੰਦਾਂ ਦੀ ਵੇਖ ਕੇ ਪਿਆ ਹੁਸਨ ਸਲ੍ਹਾਵੇ।
ਤਿਖੇ ਨੱਕ ਨੂੰ ਤੱਕ ਕੇ ਤੋਤਾਂ ਸ਼ਰਮਾਵੇ,
ਰੁਖ਼ਸਾਰਾਂ ਨੂੰ ਵੇਖ ਧੌਣ ਪਿਆ ਸੇਬ ਝੁਕਾਵੇ।

ਜੀਹਬਾ ਦੀ ਮਿਠਾਸ ਸ਼ਹਿਤ ਨੂੰ ਪਈ ਤੜਪਾਵੇ।
ਤੱਕ ਓਸਦੀ ਚਾਲ ਹੰਸ ਵੀ ਸਦਕੇ ਜਾਵੇ।
ਘਰ ਘਰ ਅੰਤਰ ਹੋ ਰਹੀ ਸੀ ਇਸਦੀ ਕੱਥਾ।
ਜਾਪੇ ਚੰਦ ਅਕਾਸ਼ ਤੋਂ ਧਰਤੀ ਤੇ ਲੱਥਾ।

(ਇਹ) ਪਲਕਾਂ ਦੇ ਵਿਚ ਲਈ ਬੈਠੀ ਸੀ ਪਿਆਰ ਪਤੀ ਦਾ।
(ਇਹ) ਸੀਨੇ ਦੇ ਵਿਚ ਲਈ ਬੈਠੀ ਸਤਿਕਾਰ ਪਤੀ ਦਾ।
(ਇਹ) ਦਿਲ ਵਿਚ ਬੈਠੀ ਲੈ ਦਰਦ ਦਿਲਦਾਰ ਪਤੀ ਦਾ।
(ਇਹ) ਹਿਰਦਾ ਗੁੰਦ ਕੇ ਲਈ ਬੈਠੀ ਸੀ ਹਾਰ ਪਤੀ ਦਾ।
(ਇਹ) ਨੈਣਾਂ ਅੰਦਰ ਲਈ ਬੈਠੀ ਦੀਦਾਰ ਪਤੀ ਦਾ।
(ਇਹ) ਸੌ ਸੌ ਵਾਰੀ ਰਾਹ ਤਕੇ ਸਰਦਾਰ ਪਤੀ ਦਾ।

ਬਾਹਰੋਂ ਆਇਆ ਟਹਿਲਦਾ ਇਕ ਬੀਰ ਬਹਾਦਰ।
ਇਸ ਚੁੰਮੇ ਚਰਨ ਪਿਆਰ ਨਾਲ ਕਰ ਵਡਾ ਆਦਰ।

(ਇਹ) ਸੀ ਇਸਦੇ ਪਿਆਰ ਜਾ ਇਕ ਪ੍ਰੇਮੀ ਪਿਆਰਾ,
(ਇਹ) ਸੀ ਆਸਾਂ ਏਸ ਦੀਆਂ ਦਾ ਆਸ ਮੁਨਾਰਾ।
(ਇਹ) ਸੀ ਇਸਦੇ ਮਨ ਦਾ ਮਨਮੋਹਨ ਮੁਨਾਰਾ।
(ਇਹ) ਸੀ ਨੈਣਾਂ ਇਸਦਿਆਂ ਦਾ ਸੋਹਲ ਸਿਤਾਰਾ,
(ਇਹ) ਸੀ ਪਤੀ ਇਸਦਾ ਪ੍ਰਾਣਾਂ ਤੋਂ ਪਿਆਰਾ।
(ਇਸ) ਚੁੰਮੇ ਚਰਨ ਸੁਹਾਗ ਦੇ ਝਟ ਸੀਸ ਝੁਕਾ ਕੇ,
ਫਿਰ ਅਗੋਂ ਕਹਿੰਦਾ ਸੂਰਮਾਂ ਮਥੇ ਵਟ ਪਾ ਕੇ।

ਸਗਨਾਂ ਲਦੀਦੇ ਸੋਹਣੀਏ ਸੁਣ ਲੈ ਕਹਾਣੀ,
ਮਹਿੰਦੀ ਤੇਰੀ ਸਗਣ ਦੀ ਅਜ ਖੂਨ ਬਣਾਣੀ।
ਭੂਲ ਜਾ ਸਗਨ ਤੇ ਸਧਰਾਂ ਹੁਣ ਬਿੰਦੀ ਲਾਣੀ,
ਆਸਾਂ ਉਮੀਦਾਂ ਚਾਅ ਸੁਖ ਅਜ ਰੋਹੜ ਦੇ ਪਾਣੀ।
ਪਤੀ ਤੇਰੇ ਦੀ ਲਾਸ਼ ਸ਼ਾਇਦ ਹੁਣ ਗਿਰਜਾਂ ਖਾਣੀ,
ਮੈਂ ਸੋਹਣੇ ਦੇਸ ਪੰਜਾਬ ਦੇ ਜਿੰਦ ਲੇਖੇ ਲਾਣੀ।

ਤੂੰ ਟੁਰ ਜਾ ਪੇਕੀਂ ਆਪਣੀ ਮੈਂ ਲੜਨ ਨੂੰ ਚਲਿਆ।
ਮੈਂ ਘੋੜੀ ਖੜੀ ਤਿਆਰ ਮੌਤ ਦੀ ਚੜਨ ਨੂੰ ਚਲਿਆ।

(ਸਿੰਘਣੀ ਦਾ ਕਹਿਣਾ)

ਅਗੋਂ ਸਿੰਘਣੀ ਆਖਿਆ ਨਾ ਕਹਿਰ ਕਮਾਣਾ,
ਜੇ ਲੜ ਲਾਇਆ ਈ ਲਾੜਿਆ ਲੜ ਛੋੜ ਨਾ ਜਾਣਾ।
ਸਗਨ ਸਧਰਾਂ ਮੇਰੀਆਂ ਨਾ ਖਾਕ ਮਿਲਾਣਾ,
ਜੇ ਟੁਰ ਗਿਓਂ ਜੰਗ ਨੂੰ ਮੈਂ ਅੰਨ ਨਹੀਂ ਖਾਣਾ।
ਜਾਈਂ ਨਾ ਅੜਿਆ ਜੰਗ ਨੂੰ ਕਰ ਜ਼ੋਰ ਧਿੰਗਾਣਾ,
ਮੈਨੂੰ ਵਿਚ ਮੈਦਾਨ ਦੇ ਸੰਗ ਲੈ ਕੇ ਜਾਣਾ।

ਮੈਂ ਪੁਤਰੀ ਹਾਂ ਦਸਮੇਸ਼ ਦੀ ਕਿਉਂ ਤੈਨੂੰ ਠੱਲ੍ਹਾਂ,
ਮੈਂ ਆਪ ਵੀ ਜਾਵਾਂ ਜੰਗ ਨੂੰ ਕੇ ਤੈਨੂੰ ਘੱਲਾਂ।

ਮੈਂ ਹੀ ਦੁਰਗਾ ਹੋਇਕੇ ਮਧ ਕੀਟਬ ਮਾਰੇ,
ਮੈਥੋਂ ਵਿਚ ਮੈਦਾਨ ਦੇ ਮਹਿਖਾਸਰ ਹਾਰੇ।

ਮੈਂ ਹੀ ਸੁੰਭ ਨਸੁੰਭ ਦੈਂਤ ਵਿਚ ਖੂਨ ਦੇ ਤਾਰੇ,
ਮੇਰਾ ਨਾਮ ਸੀ ਚੰਡਕਾ ਤਾਰੀਖ਼ ਪੁਕਾਰੇ।
ਮੈਨੂੰ ਹੋਨੀ ਕੰਬ ਕੰਬ ਕੇ ਮੁਰਸ਼ਦ ਧਾਰੇ,
ਤੂੰ ਚਲ ਵੇ ਕੰਤਾ ਮੇਰਿਆ ਕੀ ਖਾਨ ਵੀਚਾਰੇ।
ਮੈਂ ਤੱਕਾਂ ਵਲ ਆਕਾਸ਼ ਦੇ ਤਾਂ ਤਾਰੇ ਤੋੜਾਂ
ਮੈਂ ਗੁਸੇ ਦੇ ਵਿਚ ਆਣ ਕੇ ਚੱਕ ਚਾਰੇ ਤੋੜਾਂ

(ਸਿੰਘ ਦਾ ਕਹਿਣਾ)

ਚੂੜੇ ਪਾ ਕੇ ਬਹਿਨੀਆਂ ਕੀ ਲੜਨਾ ਜਾਣੇਂ,
ਠੰਡੀ ਛਾਵੇਂ ਬਹਿਨੀਆਂ ਨਾ ਸੜਨਾ ਜਾਣੇਂ।
ਸੁਖਾਂ ਦੇ ਵਿਚ ਸੇਣੀਆਂ ਨਾ ਅੜਨਾ ਜਾਣੇਂ,
ਸੂਲੀ ਉਤੇ ਸਜਨੀ ਨਾ ਚੜ੍ਹਨਾ ਜਾਣੇਂ।
ਮਰਨ ਪੜ੍ਹਾਈ ਮੌਤ ਕੋਲੋਂ ਨਾ ਪੜ੍ਹਨਾ ਜਾਣੇਂ,
ਤੀਰਾਂ ਦੀ ਚਮਕਾਰ ਵਿਚ ਨਾ ਰੁੜ੍ਹਨਾ ਜਾਣੇਂ।
ਚੁਪ ਚਪੀਤੀ ਬੈਠ ਘਰ ਤੂੰ ਪੇਕੀਂ ਜਾ ਕੇ
ਦੌੜੇਗੀ ਫਿਰ ਜੰਗ ਵਿਚੋਂ ਤੂੰ ਅਨਖ ਲੁਟਾ ਕੇ

(ਸਿੰਘਣੀ ਦਾ ਕਹਿਣਾ)

ਕੀ ਅਜ ਤਕ ਵਿਚ ਮੈਦਾਨ ਦੇ ਨਹੀਂ ਲੜੀਆਂ ਨਾਰਾਂ,
ਨਹੀਂ ਵਾਹੀਆਂ ਬੀਬੀ ਦੀਪ ਕੌਰ ਰਣ ਵਿਚ ਤਲਵਾਰਾਂ।

ਨਹੀਂ ਵਢੇ ਬੀਬੀ ਸਾਹਿਬ ਕੌਰ ਮਰਹਟੇ ਹਜ਼ਾਰਾਂ,
ਸ਼ਰਨ ਕੌਰ ਜਮਰੌਦ ਦੀਆਂ ਜਗ ਗਾਂਉਂਦੇ ਵਾਰਾਂ।
ਜਦ ਦਿਤਾ ਬਿਦਾਂਵਾਂ ਲਿਖ ਕੇ ਵਿਚ ਕਿਲ੍ਹੇ ਗੱਦਾਰਾਂ,
ਫਿਰ ਮਾਂ ਭਾਗੋ ਨੇ ਜੰਗ ਵਿਚ ਘਟ ਕੀਤੀਆਂ ਕਾਰਾਂ।

ਉਡੀ ਲਾਲੀ ਸਿੰਘ ਦੀ ਤੇ ਅੱਖ ਸ਼ਰਮਾਈ,
ਫੇਰ ਨਾਂ ਅਗੋਂ ਬੋਲਿਆ ਤੇ ਧੌਣ ਝੁਕਾਈ।

ਚੱਲ ਵੇ ਕੰਤਾਂ ਮੇਰਿਆ ਚੱਲ ਚਲੀਏ ਦੋਵੇਂ,
ਤੂੰ ਸ਼ੇਰ ਮੈਂ ਸ਼ੇਰਨੀ ਰੱਣ ਮਲੀਏ ਦੋਵੇਂ।
ਤੂੰ ਭੈਰੋਂ ਮੈਂ ਕਾਲਕਾ ਨਾ ਟਲੀਏ ਦੋਵੇਂ,
ਤੂੰ ਇੰਦਰ ਮੈਂ ਚੰਡਕਾ ਦਲ "ਦਲੀਏ ਦੋਵੇਂ।
ਤੂੰ ਕਾਲ ਮੈਂ ਮੌਤ ਹਾਂ ਖਾ ਪਲੀਏ ਦੋਵੇਂ,
ਤੂੰ ਖੰਡਾ ਮੈਂ ਤੇਗ ਹਾਂ ਦਲ ਸਲੀਏ ਦੋਵੇਂ।
ਕਢ ਭਗੌਤੀ ਮਿਆਨ ਚੋਂ ਕੀਤਾ ਅਰਦਾਸਾ।
ਫਰਕੇ ਡੌਲੇ ਦੋਹਾਂ ਦੇ ਤੇ ਹਸਿਆ ਹਾਸਾ।

ਦੋਵੇਂ ਚਲੇ ਜੰਗ ਨੂੰ ਪਾ ਜੰਗੀ ਬਾਣਾ,
ਡੌਲਿਆਂ ਵਿਚ ਤੂਫਾਨ ਸੀ ਮੁਠੀ ਕ੍ਰਿਪਾਨਾਂ।
ਤੀਰ ਕਮਾਨਾਂ ਮੋਢਿਆਂ ਤੇ ਤਲੀ ਤੇ ਜਾਨਾਂ,
ਚੜ੍ਹ ਪੈ ਹੋਣੀ ਕਾਲ ਦੋਵੇਂ ਕਰ ਜੰਗ ਬਹਾਨਾਂ।
ਉਹ ਸੀ ਦੈਂਤਾਂ ਖਾਵਣੀ ਇਹ ਆਦਮ ਖਾਨਾਂ,
ਰਣ ਵਿਚ ਦੋਵੇਂ ਆ ਵੜੇ ਚਾਅ ਚੜੇ ਜਵਾਨਾਂ।

ਜਿਥੇ ਲੜਦੇ ਸਿੰਘ ਸੀ ਵਿਚ ਆ ਗਏ ਦੋਵੇਂ।
ਵਾਂਗ ਹਨੇਰੀ ਬਦਲਾਂ ਦੇ ਛਾ ਗਏ ਦੋਵੇਂ।
ਮਚੇ ਰਣ ਹਨੇਰ ਵਿਚ ਪੈ ਦੌੜਨ ਘੋੜੇ,
(ਅੱਜ) ਅਜ ਜੋ ਆਂਈ ਗ਼ਾਜ਼ੀਆਂ ਕੌਣ ਇਸਨੂੰ ਮੋੜੇ।
ਬੇ-ਸ਼ਕ ਸਿੰਘ ਸੀ ਰਣ ਵਿਚ ਗਿਣਤੀ ਦੇ ਥੋੜੇ,
ਦੁਸ਼ਮਨ ਵਿਚ ਮੈਦਾਨ ਦੇ ਸਨ ਵਾਂਗ ਮਕੌੜੇ।
ਸਿੰਘ ਤੇਗਾਂ ਮਾਰ ਕੇ ਕਈ ਦੁਸ਼ਮਨ ਤੋੜੇ,
ਕਈਆਂ ਦੇ ਸਿਰ ਧੜਾਂ ਤੋਂ ਪਿਆਂ ਕਾਲ ਮਰੋੜੇ।
ਕਈ ਸਾਹਵੇਂ ਸੰਨੇ ਢਾਂਹਵਦੇ ਕਈ ਜਾਨ ਪਛੋੜੇ,
ਰਤ ਦਾ ਸਾਗਰ ਵੱਗ ਰਿਹਾ ਪਾ ਪਾ ਕੇ ਲੋਹੜੇ।
ਮੁਰਦੇ ਤਰਦੇ ਰਤ ਵਿਚ ਜਿਉਂ ਬਾਲੇ ਤੋੜੇ,
ਚਰਬੀ ਦਿਸੇ ਜਿਸ ਤਰ੍ਹਾਂ ਕਪਾਹ ਦੇ ਗੋਹੜੇ।
ਫਿਸੇ ਪਏ ਸੀ ਸਿਰ ਬੀਰਾਂ ਦੇ ਚੇੜੇ ਚੌੜੇ,
ਜਿਉਂ ਮਖਣ ਭਰੇ ਕਾਹਨ ਨੇ ਭੰਨ ਸੁਟੇ ਤੋੜੇ।
ਜਿਉਂ ਸੱਸੀ ਪੁਨੂੰ ਛੱਡ ਗਿਆ ਕਈ ਵਿਛੜੇ ਜੋੜੇ,
ਆ ਡਿਗੀ ਉਤੇ ਕਬਰ ਦੇ ਪਈ ਪੁਨੂੰ ਲੋੜੇ।
ਕਈ ਤਕਣ ਰਾਹ ਸੁਹਾਗਣਾਂ ਪਰ ਸੁਹਾਗ ਨਾ ਬਹੁੜੇ।
ਮੱਚੀ ਹਾਹਾਕਾਰ ਕਿਸੇ ਨੂੰ ਕੁਝ ਨਾ ਔਹੜੇ।
ਤੇਗ਼ਾਂ ਫੜ ਕੇ ਏਸ ਜੋੜੇ ਨੇ ਵਾਢੀ ਲਾਈ।
ਉਹ ਸੀ ਲੜਦਾ ਉਸ ਬੰਨੇ ਇਹ ਇਧਰ ਬਾਹੀ,

ਕੜ ਕੜ ਕਰ ਕੇ ਕੜਕਦੀ ਜਿਉਂ ਬਲ ਕੜਕਨ।
ਬੜ ਬੜ ਕਰ ਕੇ ਬੜ੍ਹਕਦੀ ਜਿਉਂ †ਬਬਰ ਬੜ੍ਹਕਣ,
ਗੜ੍ਹ ਗੜ੍ਹ ਕਰ ਕੇ ਗੜ੍ਹਕਦੀ ਜਿਉਂ ਗੋਲ਼ੇ ਗੜ੍ਹਕਣ।
ਫੜ ਫੜ ਜੋਧੇ ਫੜਕਦੀ ਜਿਉਂ ਫਟੜ ਫੜਕਣ,
ਖ਼ੜ ਖੰਡਾ ਖੜਕਾਂਵਦੀ ਜਿਉਂ ਤੋਪਾਂ ਖੜ੍ਹਕਣ।
ਕੋਈ ਕਹਿੰਦਾ ਚੜ੍ਹੀ ਚੰਡਕਾ ਅਜ ਗੁਸਾ ਖਾ ਕੇ,
ਕੋਈ ਆਖੋਂ ਆਈ ਕਾਲਕਾ ਹਥ ਤੇਗ਼ ਉਠਾ ਕੇ।

ਇਧਰ ਸਿੰਘ ਮੈਦਾਨ ਵਿਚ ਕਈ ਸਥਰ ਲਾਹੇ,
ਕਈ ਤੀਰ ਦੀ ਨੋਕੇ ਚਾਹੜ ਕੇ ਬੈਕੁੰਠ ਪਹੁੰਚਾਏ।
ਦੇ ਕੇ ਲੋਰੀ ਤੇਗ਼ ਦੀ ਕਈ ਧਰਤ ਸਵਾਏ,
ਮਹਿੰਦੀ ਲਾ ਕੇ ਖ਼ੂਨ ਦੀ ਕਈ ‡ਸ਼ੌਹਰ ਬਣਾਏ।
ਮੌਤ ਲਾੜੀ ਦੇ ਨਾਲ ਲਾੜੇ ਅਨੇਕਾਂ ਵਿਆਏ,
ਜੋ ਚਾਹੜੇ ਜਾਞੀ ਸਿੰਘ ਨੇ ਫਿਰ ਲੋਟ ਨਾ ਆਏ।
ਚੁਣ ਚੁਣ ਜੋਧੇ ਸੁਟ ਲਏ ਪੈਰਾਂ ਦੇ ਥਲੇ,
ਲੱਖਾਂ ਡੋਬੇ ਰੱਤ ਦੀਆਂ ਲਹਿਰਾ ਦੇ ਥਲੇ।

ਸਿੰਘ ਸਿੰਘਣੀ ਮਿਲ ਕੇ ਦਲ ਝੜਕਣ ਲਗੇ,
ਉਹ ਬੱਦਲ ਇਹ ਬਿਜਲੀ ਬਣ ਕੜਕਣ ਲਗੇ।

---

†ਬਬਰ ਸ਼ੇਰ ਦਾ ਨਾਮ ਹੈ।

‡ਲਾੜਾ।

ਉਹ ਤੀਰ ਇਹ ਬਰਛੀ ਬਣ ਰੜਕਣ ਲਗੇ।
ਉਹ ਖੰਡਾ ਇਹ ਤੇਗ ਬਣ ਕੇ ਖੜਕਣ ਲਗੇ।
ਉਹ ਸ਼ੇਰ ਇਹ ਸ਼ੇਰਨੀ ਬਣ ਬੜ੍ਹਕਨ ਲਗੇ,
ਉਹ ਕਾਲ ਇਹ ਹੋਣੀ ਬਣ ਪਕੜਨ ਲਗੇ।
ਸਿਰਾਂ ਦੇ ਸੌਦੇ ਕਰ ਦੋਹਾਂ ਨੇ ਅਣਖ ਖਰੀਦੀ।
ਲੜਦੇ ਲੜਦੇ 'ਬਾਲਮਾ' ਪਾ ਗਏ ਸ਼ਹੀਦੀ।

★

ਜ਼ਖ਼ਮੀ ਕਾਫਲਾ

ਮੈਂ ਇਹਨੀ ਨੈਣੀਂ ਕਈ ਵਾਰੀ,
ਕੁਦਰਤ ਦੇ ਰੰਗ ਕਈ ਤਕੇ ਨੇ।
ਕੁਦਰਤ ਦੇ ਪਿਆਸੇ ਬਣ ਜਾਂਦੇ,
ਮਾਂ ਜਾਏ ਵੀਰ ਜੋ ਸਕੇ ਨੇ।
ਤਖਤ ਤੇ ਬੈਠ ਜੋ ਹਸਦੇ ਸੀ,
ਤਖਤੇ ਤੇ ਜਾਂਦੇ ਵੇਖੇ ਨੇ।
ਜੋ ਗੀਤ ਖੁਸ਼ੀ ਦੇ ਗਾਂਦੇ ਸੀ,
ਵੈਣ ਉਹ ਪਾਂਦੇ ਵੇਖੇ ਨੇ।
ਕਈ ਅਕਲਾਂ ਸ਼ਕਲਾਂ ਵਾਲੇ ਮੈਂ,
ਖ਼ਾਕ ਵਿਚ ਰੁਲਦੇ ਵੇਖੇ ਨੇ।
ਕਈ ਕਾਣੇ ਲੂਲੇ ਬਦਮਗਜ਼ੇ,
ਲਾਲਾਂ ਨਾਲ ਤੁਲਦੇ ਵੇਖੇ ਨੇ।
ਜੋ ਦਾਨ ਲਖ਼ਾਂ ਦਾ ਕਰਦੇ ਸੀ,
ਗਲੀਆਂ ਵਿਚ ਮੰਗਦੇ ਵੇਖੇ ਨੇ।

ਜੋ ਮਾਰ ਖੰਘੂਰੇ ਨਚਦੇ ਸੀ,
ਉਚੀ ਨਾ ਖੰਘਦੇ ਵੇਖੇ ਨੇ।
ਜੋ ਸੂਲ ਵੱਜੀ ਤੋਂ ਸੀ ਕਰਦੇ,
ਉਹ ਸੂਲੀ ਚੜ੍ਹਦੇ ਵੇਖੇ ਨੇ।
ਜੋ ਲੋ ਤੱਤੀ ਤੋਂ ਡਰਦੇ ਸੀ,
ਉਹ 'ਬਾਲਮ' ਸੜਦੇ ਵੇਖੇ ਨੇ।

ਜਦ ਵਜੀਆਂ ਪਾਕਿਸਤਾਨ ਤੇ ਹਿੰਦ ਦੀਆਂ ਲਕੀਰਾਂ,
ਜਦ ਖਿਚੀਆਂ ਦੋ ਅੰਗਰੇਜ਼ਾਂ ਨੇ ਖੂਨੀ ਤਸਵੀਰਾਂ।
ਜਦ ਸੋਹਲ ਬਦਨ ਪੰਜਾਬ ਦਾ ਕਰ ਦਿਤਾ ਲੀਰਾਂ,
ਉਦੋਂ ਮੁਸਲੇ ਜਲੀਆਂ ਪਾਂਵਦੇ ਅਤਿ ਚਾਂਈ ਫਕੀਰਾਂ।
ਚੌਂਹੀ ਪਾਸੀਂ ਚਲੀਆਂ ਜ਼ਾਲਮ ਸ਼ਮਸ਼ੀਰਾਂ,
ਕਈ ਰਾਂਝੇ ਹੋਏ ਸ਼ਹੀਦ ਲਖਾਂ ਰੁਲ ਮੋਈਆਂ ਹੀਰਾਂ।
ਜਦ ਦੁਖੀਆਂ ਦਾ ਕਾਫਲਾ ਬਲੋਕੀ ਆਇਆ,
ਉਥੇ ਮੁਸਲੇ ਜਲੀਆਂ ਪਾਂਵਦੇ ਬਹੁ ਪਹਿਰਾ ਲਾਇਆ।
ਗੋਲੀ ਦਾ ਮੀਂਹ ਜ਼ਾਲਮਾਂ ਸੀ ਝਟ ਬਰਸਾਇਆ।
ਉਹਨਾਂ ਬੰਨ੍ਹ ਤੋੜੇ ਦਰਿਆ ਦੇ ਪਾਣੀ ਹੜ੍ਹ ਆਇਆ।
ਉਥੇ ਮੱਚੀ ਹਾਹਾਕਾਰ ਕਾਲ ਨੇ ਮੁਖ ਵਿਖਾਇਆ।
ਉਥੇ ਭੁਖੇ ਬਚੇ ਤੜਫਦੇ ਭੁਖ ਨੇ ਤੜਫਾਇਆ।
ਇਕ ਬੰਨ੍ਹੇ ਐਲੀ ਆਖ ਕੇ ਕਦੀ ਤੋਪਾਂ ਗਜਣ,
ਇਕ ਬੰਨ੍ਹੇ ਖਾ ਖਾ ਗੋਲੀਆਂ ਪਏ ਭੁਖੇ ਗਜਣ।

ਕਈ ਡੁਬ ਡੁਬ ਇਸ ਦਰਿਆ ਦੇ ਪਾਣੀ ਵਿਚ ਮਰ ਗਏ।
ਕਈ ਸੀਨੇ ਖਾ ਖਾ ਗੋਲੀਆਂ ਰੱਤ ਅੰਦਰ ਤਰ ਗਏ।
ਕਈ ਸਜ ਵਿਆਹੀਆਂ ਝੱਟ ਹੀ ਰੰਡੀਆਂ ਕਰ ਗਏ,
ਕਈ ਸਧਰਾਂ ਭਰੀਆਂ ਰਾਣੀਆਂ ਤਜ ਹੋਣੀ ਵਰ੍ਹ ਗਏ।
ਕਈ ਮਰੇ ਭੈਣਾ ਦੇ ਵੀਰ ਭੈਣਾਂ ਨੂੰ ਰੋਣਾ ਧਰ ਗਏ।
ਕਈ ਭੁਖੇ ਬੱਚੇ ਮਾਵਾਂ ਦੀਆਂ ਗੋਦਾਂ ਵਿਚ ਠਰ ਗਏ।
ਉਥੇ ਲਾਸ਼ਾਂ ਕੁਤੇ ਖਾਂਵਦੇ ਕਰ ਕਰ ਕੇ ਹਲੇ,
ਪਏ ਦੁਖੀਏ ਰੋਣ ਹਜ਼ਾਰ ਕਿਸੇ ਦੀ ਪੇਸ਼ ਨਾ ਚਲੇ।
ਕੋਈ ਵੈਣ ਪੁਤਰ ਦੇ ਪਾਂਵਦੀ ਰੋ ਰੋ ਕੇ ਪਿਟਦੀ,
ਕੋਈ ਲੈ ਵੀਰ ਦਾ ਨਾਂ ਅੱਖਾਂ ਨੂੰ ਚੋ ਚੋ ਪਿਟਦੀ।
ਕੋਈ ਢਿਡ ਵਿਚ ਮਾਰੇ ਮੁਕੀਆਂ ਔਖੀ ਹੋ ਪਿਟਦੀ,
ਕੋਈ ਚੂੜਾ ਲਾਹ ਕੇ ਅੱਗ ਵਿਚ ਸੀ ਝੋ ਝੋ ਪਿਟਦੀ।
ਕੋਈ ਲੈ ਪਤੀ ਦਾ ਨਾਂ ਜ਼ੁਲਫਾਂ ਨੂੰ ਖੋਹ ਖੋਹ ਪਿਟਦੀ।
ਕੋਈ ਰੋ ਰੋ ਅੰਨ੍ਹੀ ਹੋਈ ਲਾਸ਼ਾਂ ਨੂੰ ਟੋਹ ਟੋਹ ਪਿਟਦੀ।
ਕਈਆਂ ਸਜ ਵਿਆਹੀਆਂ ਪਿਟ ਪਿਟ ਸੀਨੇ ਪਾੜੇ,
ਮਰ ਗਏ ਖਾ ਖਾ ਗੋਲੀਆਂ ਪਿਟ ਸੀਨੇ ਪਾੜੇ।
ਤਕ ਅਸਾਡਾ ਹਾਲ ਉਦੋਂ ਸੀ ਪ੍ਰਬਤ ਰੋਏ,
ਰੋਈ ਭਾਰਤ ਪਿਟ ਕੇ ਪੁਤ ਜਿਸਦੇ ਮੋਏ।
ਰੁੰਨੀ ਧਰਤ ਪੰਜਾਬ ਦੀ ਪਿਟ ਜ਼ੁਲਫਾਂ ਖੋਹੇ,
ਰੁੰਨਾ ਹਿੰਦੁਸਤਾਨ ਜਿਹਦੇ ਪੁਤ ਔਖੇ ਹੋਏ।

ਰੁੰਨੀ ਲੱਛਮੀ ਵਿਸ਼ਨੂੰ ਸਚਖੰਡ ਵਿਚ ਦੋਏ,
ਰੁੰਨੇ ਬੱਦਲ ਹੰਝੂ ਨਾਲ ਭਰ ਦਿਤੇ ਟੋਏ।
ਇਕ ਨਾ ਰੁੰਨਾ ਆਦਮੀ ਇੰਗਲੈਂਡ ਦਾ ਵਾਸੀ,
ਉਹ ਸੁਣ ਸੁਣ ਸਾਡੇ ਵੈਨ ਸਗੋਂ ਉਡਾਂਦਾਂ ਹਾਸੀ।
ਉਥੇ ਟੁਕੜੇ ਟੁਕੜੇ ਹੋਈ ਪਈ ਇਕ ਸੁੰਦਰ ਨਾਰੀ,
ਉਹਦਾ ਧੜ ਤੋਂ ਸਿਰ ਜੁਦਾ ਸੀ ਰਤ ਵਗਦੀ ਕਾਰੀ।
ਉਹ ਪਤੀ ਕਿਸੇ ਦੀ ਪਤਨੀ ਸੀ ਕਰਮਾਂ ਮਾਰੀ,
ਉਹ ਸੱਸ ਕਿਸੇ ਦੀ ਨੂੰਹ ਸੀ ਦੁਨੀਆਂ ਤੋਂ ਪਿਆਰੀ।
ਉਹ ਵੀਰ ਕਿਸੇ ਦੀ ਭੈਣ ਸੀ ਪਈ ਖ਼ਾ ਕਟਾਰੀ,
ਉਹ ਪੁਤ੍ਰ ਕਿਸੇ ਦੀ ਮਾਂ ਸੀ ਪਈ ਕਿਸਮਤ ਮਾਰੀ।
ਉਹਦੀ ਬਾਂਹ ਤੇ ਲਿਖਿਆ ਚਰਨ ਕੌਰ ਸੀ ਸਿਖਾਂ ਲੜਕੀ,
ਉਹਦੇ ਸਿਰ ਤੇ ਪਾਪਨ ਮੌਤ ਵਾਂਗ ਬਿਜਲੀ ਸੀ ਕੜਕੀ।
ਉਹਦੇ ਗਜ ਗਜ ਲੰਮੇ ਵਾਲ ਰੰਗ ਦੇ ਸੀ ਸ਼ਾਹ ਕਾਲੇ,
ਉਹਦੇ ਗਲ ਵਿਚ ਲੀਰਾਂ ਰੇਸ਼ਮੀ ਪੈਰਾਂ ਵਿਚ ਛਾਲੇ।
ਉਹਦੇ ਅਡੋ ਅਡੀ ਅੰਗ ਵਡੇ ਪਏ ਤੜਫਨ ਹਾਲੇ,
ਉਹਦੇ ਆਲੇ ਦੁਆਲੇ ਰੱਤ ਦੇ ਪਏ ਵਗਣ ਖਾਲੇ।
ਉਹਨੂੰ ਲੱਭੀ ਪਾਟੀ ਲੀਰ ਨਾ ਜੋ ਕਫਨ ਪਾਲੇ,
ਸਿਰ ਤੇ ਆਈ ਮੌਤ ਵੀਰ ਜੀ ਕਿਹੜਾ ਟਾਲੇ।
ਅਜ ਕੋਈ ਨਾ ਦਰਦੀ ਏਸ ਦਾ ਜੋ ਇਸ ਨੂੰ ਸਾੜੇ,
ਕਰ ਕੇ ਲਕੜਾਂ ਕਠੀਆਂ ਚਾਅ ਚਿਖਾ ਤੇ ਚਾੜ੍ਹੇ।

ਉਹਦੀ ਛਾਤੀ ਉਤੇ ਲੇਟਦਾ ਇਕ ਬਾਲ ਅਯਾਣਾ,
ਉਹਦੀ ਉਮਰ ਸੀ ਇਕ ਸਾਲ ਦੀ ਤੇ ਭੁਖਾ ਭਾਣਾ।

ਉਹ ਮੁੜ ਮੁੜ ਮੰਮਾ ਚੁੰਘਦਾ ਲਾ ਲਾ ਕੇ ਤਾਣਾ।
ਉਹਨੂੰ ਆਈ ਦੁਧ ਦੀ ਧਾਰ ਨਾ ਭੁਖਾ ਕੁਰਲਾਣਾ।
ਉਹ ਵੱਢ ਵੱਢ ਖਾਏ ਹਥ ਆਪਣੇ ਮਾਂ ਨੂੰ ਖਾਣਾ।
ਕੌਣ ਮਿਟਾਏ ਸਜਣੋਂ ਸਤਿਗੁਰ ਦਾ ਭਾਣਾ।

ਉਹ ਰੋ ਰੋ ਚੀਕਾਂ ਮਾਰ ਕੇ ਪਿਆ ਮੰਮਾ ਚੂੰਘੇ,
ਜਾਪੇ ਮਰੀ ਮਾਂ ਨੂੰ ਪੁਤ ਜੀਉਂਦਾ ਸੁੰਘੇ,
ਉਹ ਕੁਟ ਕੁਟ ਛਾਤੀ ਮਾਂ ਦੀ ਕਹੇ ਉਠ ਨੀ ਅੰਮਾਂ,
ਹੁਣ ਤਾਂ ਸੁਰਤ ਸੰਭਾਲ ਅੱਖੀਆਂ ਪੁਟ ਨੀ ਅੰਮਾਂ।

ਮੈਨੂੰ ਦੁਧ ਚੁੰਘਾ ਦੇ ਦੋ ਘੁਟ ਨੀ ਅੰਮਾਂ,
ਹੁਣ ਨਾ ਮਤੇਈਆਂ ਵਾਂਗਰਾਂ ਤੂੰ ਸੁਟ ਨੀ ਅੰਮਾਂ।
ਲਾ ਕੇ ਸੀਨੇ ਨਾਲ ਕੇਰਾਂ ਤੇ ਘੁਟ ਨੀ ਅੰਮਾਂ,
ਅੱਜ ਗਈ ਪ੍ਰੀਤੀ ਭਾਂ ਪੁਤਾਂ ਦੀ ਟੁਟ ਨੀ ਅੰਮਾ।

ਉਹ ਕਦੇ ਅੰਗੂਠਾ ਚੁੰਘਦਾ ਕਦੇ ਡਿਗਦਾ ਥਲੇ,
ਕਦੇ ਰਤ ਵਿਚ ਗੋਤੇ ਖਾਂਵਦਾ ਕਰ ਕਰ ਕੇ ਹਲੇ।
ਉਹ ਤੜਫੇ ਵਾਂਗਰ ਮੱਛੀ ਦੇ ਭੁਖਾ ਕੁਰਲਾਵੇ,
ਜਿਉਂ ਚਿੜੀ ਬਾਜ਼ ਮੂੰਹ ਆਂਵਦੀ ਇਉਂ ਸ਼ੋਰ ਮਚਾਵੇ।

ਉਹ ਹੰਝੂ ਰੋ ਰੋ ਪੀਂਵਦਾ ਤੇ ਹੌਕੇ ਖਾਵੇ,
ਉਹ ਪਿਟ ਪਿਟ ਮਾਂ ਦੇ ਧੜ ਤੇ ਪਿਆ ਜਲ੍ਹੀਆਂ ਪਾਵੇ।
ਉਹ ਮੋਈ ਮਾਂ ਦੇ ਕ਼ੀਰਨੇ ਕਰ ਕਰ ਕੇ ਗਾਵੇ,
ਜੋ ਲਿਖੀ ਵਿਧਾਤਾ ਰੇਖ ਵੀਰ ਜੀ ਕੌਣ ਮਿਟਾਵੇ।

ਮਾਂ ਗੋਦੀ ਵਿਚ ਬਿਠਾ ਕੇ ਇਕ ਦੇ ਦੇ ਲੋਰੀ,
ਮੈਂ ਝਗੇ ਦੇ ਵਿਚ ਲੁਕ ਕੇ ਦੁਧ ਚੁੰਘ ਲਊਂ ਚੋਰੀ।
ਮਾਂ ਤੈਥੋਂ ਬਿਨਾਂ ਮੈਨੂੰ ਕਿਸੇ ਨਹੀਂ ਦੁਧ ਚੁੰਘਾਣਾ,
ਨਹੀਂ ਸਿਰ ਤੇ ਦੇਣਾ ਪਿਆਰ ਕਿਸੇ ਨਹੀਂ ਮੋਢੇ ਲਾਣਾ।

ਨਹੀਂ ਮੱਥਾ ਚੁੰਮ ਕੇ ਕਿਸੇ ਮੈਨੂੰ ਵਿਚ ਗੋਦ ਬਿਠਾਣਾ,
ਨਹੀਂ ਹਥਾਂ ਵਿਚ ਨਚਾ ਕਿਸੇ ਨੇ ਲਾਡ ਲਡਾਣਾ।
ਨਹੀਂ ਮੰਮਾ ਮੂੰਹ ਵਿਚ ਪਾ ਕਿਸੇ ਨੇ ਨਾਲ ਸੁਲਾਣਾ,
ਨਹੀਂ ਛਾਤੀ ਉਤੇ ਲਿਟਾ ਕਿਸੇ ਨੇ ਸਦਕੇ ਜਾਣਾ।

ਮਾਂ ਛੇਤੀ ਅੱਖਾਂ ਖੋਹਲ ਕਿਤੇ ਤੂੰ ਮਰ ਨਾ ਜਾਈਂ,
ਭੁਖਾ ਭਾਣਾ ਛਡ ਯਤੀਮ ਤੂੰ ਕਰ ਨਾ ਜਾਈਂ,
ਦੂਰੋਂ ਤਕ ਕੇ ਏਸ ਨੂੰ ਇਕ ਲੜਕੀ ਆਈ,
ਓਹ ਸੀ ਇਸ ਦੀ ਭੈਣ ਇਕੋ ਇਕ ਮਾਂ ਦੀ ਜਾਈ।

ਤੱਕ ਮਰੀ ਹੋਈ ਭੈਣ ਨੂੰ ਪਿਟੀ ਕੁਰਲਾਈ,
ਉਹ ਡਿਗੀ ਉਤੇ ਭੈਣ ਦੇ ਸਭ ਸੁਰਤ ਭੁਲਾਈ।

ਉਹ ਕਹਿੰਦੀ ਸੁਣ ਲੈ ਭੈਣ ਤੇਰੇ ਲਈ ਖ਼ਬਰ ਲੈ ਆਈ।
ਨੀ ਮਰ ਗਏ ਚੰਨਣ ਦਿਆਲ ਆਪਣੇ ਦੋਵੇਂ ਭਾਈ।

ਚੁਕ ਛੋਟੇ ਜਿਹੇ ਉਸ ਬਾਲ ਨੂੰ ਗਲ ਆਪਣੇ ਲਾਇਆ,
ਫਿਰ ਬੈਠ ਸਰਹਾਣੇ ਭੈਣ ਦੇ ਪਿਟ ਹਾਲ ਗਵਾਇਆ।
ਉਹ ਗੀਤ ਵੈਣਾਂ ਦੇ ਬੈਠ ਕੇ ਸਰਹਾਣੇ ਗਾਵੇ,
ਉਹਦੇ ਪੱਟ ਹੀ ਤਬਲਾ ਬਣ ਗਏ ਉਹ ਠੇਕਾ ਲਾਵੇ।

ਉਹਦੇ ਹਡ ਬਣੇ ਖੜਤਾਲ ਵਿਚਾਰੀ ਪਈ ਖ਼ੜਕਾਵੇ,
ਉਹਦਾ ਗਲਾ ਹੋਇਆ ਰਬਾਬ ਹੌਕੇ ਗਜ ਘਸਾਵੇ।
ਉਹਦੇ ਹੰਝੂ ਘੁੰਗਰੂ ਬਣ ਗਏ ਉਹ ਪਈ ਛਣਕਾਵੇ,
ਉਹਦੇ ਟੁਟੇ ਦਿਲ ਦੀ ਤਾਰ ਮਾਰੂ ਦੇ ਸ਼ਬਦ ਸੁਣਾਵੇ।

ਉਹ ਬ੍ਰਿਹੋਂ ਤਰਾਨੇ ਗਾਏ ਰੋਮ ਬਣ ਗਏ ਸਤਾਰਾਂ।
ਉਹਦੇ ਨੈਣੋਂ ਛਮ ਛਮ ਡੁਲ੍ਹੀਆਂ ਕਈ ਖੂਨੀ ਧਾਰਾਂ।
ਉਹ ਪਈ ਜਗਾਵੇ ਭੈਣ ਨੂੰ ਕਹੇ ਜਾਗ ਭੈਣ ਨੀ,
ਅਜ ਉਜੜੇ ਆਪਣੇ ਬਾਪ ਦੇ ਸਭ ਬਾਗ ਭੈਣ ਨੀ।

ਅੱਜ ਸੜ ਕੇ ਹੋਏ ਸਵਾਹ ਆਪਣੇ ਭਾਗ ਭੈਣ ਨੀ,
ਅੱਜ ਹੋਇਆ ਹਨੇਰਾ ਜਗ ਬੁਝੇ ਚਰਾਗ ਭੈਣ ਨੀ।
ਮੈਂ ਫੜ ਨਾ ਸਕੀ ਮੌਤ ਤੇਰੀ ਦੀ ਵਾਗ ਭੈਣ ਨੀ,
ਤੂੰ ਸੁਣ ਲੈ ਰੋਂਦੀ ਭੈਣ ਦੇ ਸਭ ਰਾਗ ਭੈਣ ਨੀ।

ਤੂੰ ਬਣ ਸਹੇਲੀ ਮੌਤ ਦੀ ਦੁਨੀਆਂ ਤੋਂ ਚਲੀ,
ਮੈਂ ਸਾਰੇ ਹੀ ਪਰਵਾਰ ਚੋਂ ਰਹੀ ਕਲ-ਮੁਕੱਲੀ।
ਉਸ ਚੁੰਨੀ ਅਧੀ ਪਾੜ ਕੇ ਉਸ ਉਤੇ ਪਾਈ,
ਉਹ ਓਹੀ ਦਿਤਾ ਕਵਨ ਉਹੀ ਪੁਸ਼ਾਕ ਪਹਿਨਾਈ।

ਉਸ ਮੋਤੀਆਂ ਦੀ ਥਾਂ ਹੰਝੂਆਂ ਦੀ ਭੇਟ ਚੜ੍ਹਾਈ,
ਉਹ ਢਿਡ ਵਿਚ ਮਾਰੇ ਮੁਕੀਆਂ ਨੈਣੋਂ ਰਤ ਆਈ।
ਉਸ ਫੜ ਪਰਾਂਦੀ ਭੈਣ ਦੀ ਵਿਚ ਜੇਬ ਦੇ ਪਾਈ,
ਇਹ ਰਹੂ ਨਿਸ਼ਾਨੀ ਪਾਸ ਮੇਰੇ ਨੀ ਮਾਂ ਪਿਓ ਜਾਈ।

ਜਦ ਚਲਿਆ ਉਥੋਂ ਕਾਫ਼ਲਾ ਪਿਟ੍ਹੀ ਕੁਰਲਾਈ,
ਫਿਰ ਰੋਂਦੀ ਪਿਟਦੀ 'ਬਾਲਮਾ' ਅੰਮ੍ਰਿਤਸਰ ਆਈ।

ਮੌਤ ਅਗੇ ਤਰਲਾ

ਨੀ ਮੌਤੇ ਨਾ ਮਾਰ ਤੂੰ ਮੈਨੂੰ,
ਹਥ ਜੋੜ ਕੇ ਆਖਾਂ ਤੈਨੂੰ।
ਅੜੀਏ ਅਜ ਮੈਂ ਸੱਜ-ਵਿਆਹੀ,
ਚਾਵਾਂ ਦੇ ਨਾਲ ਲੱਦੀ ਆਈ।
ਸਧਰਾਂ ਮੇਰੀਆਂ ਦਿਲ ਦੇ ਅੰਦਰ,
ਆਸਾਂ ਦਾ ਪਿਆ ਉਸਦੇ ਮੰਦਰ।
ਲਾਲ ਚੂੜਾ ਹੈ ਬਾਹਵਾਂ ਦੇ ਵਿਚ,
ਜਾਂਵੀ ਮੇਰੇ ਰਾਹਵਾਂ ਦੇ ਵਿਚ।
ਅਜੇ ਨਾ ਕਰ ਖਵਾਰ ਤੂੰ ਮੈਨੂੰ।
ਨੀ ਮੌਤੇ ਨਾ ਮਾਰ ਤੂੰ ਮੈਨੂੰ।
ਅਜੇ ਮੈਂ ਅਪਣਾ ਸੁਹਾਗ ਨਾ ਡਿਠਾ,
ਇਸ ਮਥੇ ਦਾ ਭਾਗ ਨਾ ਡਿਠਾ।

ਅਜੇ ਨਾ ਮਿਲਿਆ ਦਿਲ ਦਾ ਜਾਨੀ,
ਰੋ ਰੋ ਤਕੇ ਰਾਹ ਦੀਵਾਨੀ।
ਗਾਨੇ ਗੁਟਾਂ ਦੇ ਖੋਲ੍ਹ ਸਕੇ ਨਾ,
ਹਸ ਕੇ ਦੋਵੇਂ ਬੋਲ ਸਕੇ ਨਾ।

ਗਰੀ ਖੋਪਰ ਨਾ ਭੰਨੇ ਅੜੀਏ,
ਅਜੇ ਨਾ ਰੁਸੇ ਮੰਨੇ ਅੜੀਏ।
ਹੁਣੇ ਨਾ ਕਰ ਬੇਜ਼ਾਰ ਤੂੰ ਮੈਨੂੰ,
ਨੀ ਮੌਤੇ ਨਾ ਮਾਰ ਤੂੰ ਮੈਨੂੰ।

ਹੁਸਨ ਫੁਲਾਂ ਤੇ ਆਈ ਬਹਾਰ,
ਰਜ ਰਜ ਕੀਤਾ ਮੈਂ ਸ਼ਿੰਗਾਰ।
ਸੱਧਰਾਂ ਦੇ ਫੁਲ ਖਿੜਨ ਲਗੇ ਨੇ,
ਪਿਆਰ ਤੇ ਹਾਸੇ ਭਿੜਨ ਲਗੇ ਨੇ।

ਨੈਣਾਂ ਵਿਚ ਪਿਆਰ ਹੈ ਨਚਦਾ,
ਦਿਲ ਵਿਚ ਪਿਆਰ ਦਾ ਭਾਂਬੜ ਮਚਦਾ।
ਕਰਨ ਦੇ ਰਜ ਕੇ ਪਿਆਰ ਤੂੰ ਮੈਨੂੰ,
ਨੀ ਮੌਤੇ ਨਾ ਮਾਰ ਤੂੰ ਮੈਨੂੰ।

ਡੋਲੀ ਤੂੰ ਘਰ ਜਾ ਲੈਣ ਦੇ,
ਮਾਂ ਨੂੰ ਸੀਨੇ ਲਾ ਲੈਣ ਦੇ।
ਸਈਆਂ ਰੋ ਰੋ ਰਾਹ ਤਕਾਵਣ,
ਮੇਰੇ ਨਾਂ ਦੇ ਕਾਗ ਉਡਾਵਣ।

ਹੌਕੇ ਭਰ ਭਰ ਰਾਹ ਤਕਾਵਣ,
ਭਜ ਭਜ ਮੇਰੇ ਰਾਹ ਨੂੰ ਆਵਣ।

ਅੜੀਏ ਨਾ ਵੰਗਾਰ ਤੂੰ ਮੈਨੂੰ,
ਨੀ ਮੌਤੇ ਨਾ ਮਾਰ ਤੂੰ ਮੈਨੂੰ।

ਜੇ ਤੂੰ ਹੋਵੇਂ ਵਿਆਹੀ ਹੋਈ,
ਘਰ ਸੌਹਰਿਆਂ ਦੇ ਆਈ ਹੋਈ।

ਸਗਨਾਂ ਦੇ ਨਾਲ ਲੱਦੀ ਹੋਈ,
ਪਿਆਰ ਦੇ ਬੰਧਨ ਬਧੀ ਹੋਈ।

ਪ੍ਰੀਤਮ ਤਾਈਂ ਉਡੀਕਦੀ ਹੋਵੇਂ,
ਰੋ ਰੋ ਔਂਸੀਆਂ ਲੀਕਦੀ ਹੋਵੇਂ।

ਫਿਰ ਤੇਰੀ ਕੋਈ ਸੰਘ ਘੁਟੇ,
ਜਾਨ ਤੇਰੀ ਵਿਚ ਪਿਆਰ ਦੇ ਟੁਟੇ।

ਪੁਛਾਂ ਫਿਰ ਲਲਕਾਰ ਮੈਂ ਤੈਨੂੰ,
ਨੀ ਮੌਤੇ ਨਾ ਮਾਰ ਤੂੰ ਮੈਨੂੰ।

ਸਿਕਾਂ ਸਿਕਦਿਆਂ ਨੂੰ ਦਿਨ ਆਏ,
ਸਗਨ ਸਧਰਾਂ ਗੀਤ ਸੁਣਾਏ।

ਖੁਸ਼ੀਆਂ ਕਰ ਕਰ ਨਾਚ ਵਿਖਾਵਣ,
ਚਾਅ ਮਲ੍ਹਾਰ ਪਏ ਸਦਕੇ ਜਾਵਣ।

ਜਦੋਂ ਸੁਹਾਗਣ ਮੈਂ ਸਦਾਇਆ,
ਤੂੰ ਵੀ ਕੁੰਡਾ ਆ ਖੜਕਾਇਆ।

ਜਾਮ ਖੁਸ਼ੀ ਦੇ ਪੀਣ ਨਾ ਦਏਂਗੀ ?
ਮੈਨੂੰ ਤੂੰ ਹੁਣ ਜੀਣ ਨਾ ਦਏਂਗੀ ?
ਤਰਸ ਕਰ ਇਕ ਵਾਰ ਤੂੰ ਮੈਨੂੰ,
ਨੀ ਮੌਤੇ ਨਾ ਮਾਰ ਤੂੰ ਮੈਨੂੰ।

ਬਸ ਹੁਣ ਮੈਨੂੰ ਮਾਰ ਸੁਟੇਂਗੀ,
ਬਲਦੀ ਅੱਗ ਵਿਚਕਾਰ ਸੁਟੇਂਗੀ।
ਵਿਚੇ ਸੜੇਗਾ ਚੂੜਾ ਲਾਲ,
ਪਾਇਆ ਸੀ ਜੋ ਸਧਰਾਂ ਨਾਲ।

ਪਿਆਰ ਮੇਰਾ ਰਹਿ ਜਾਊ ਅਧੂਰਾ,
ਸੁਫਨਾ ਦਿਲ ਨਾ ਹੋਊ ਨਾ ਪੂਰਾ।
ਸੁਹਾਗ ਮੇਰੇ ਦੀ ਸੋਹਲ ਜਵਾਨੀ,
ਰੋਊ ਮੇਰੀ ਵੇਖ ਨਿਸ਼ਾਨੀ।

ਜੀਣ ਦੇ ਦਿਨ ਦੋ ਚਾਰ ਤੂੰ ਮੈਨੂੰ,
ਨੀ ਮੌਤੇ ਨਾ ਮਾਰ ਤੂੰ ਮੈਨੂੰ।
ਹਾੜੇ ਕਰਦੀ ਕਰਦੀ ਸੌਂ ਗਈ।
ਪਿਆਰ 'ਚ ਮਰਦੀ ਮਰਦੀ ਸੌਂ ਗਈ।

ਆਖ਼ਰ ਇਕ ਆਵਾਜ਼ ਸੀ ਆਈ,
ਉਡਦੀ ਜਾਂਦੀ ਰੂਹ ਕੁਰਲਾਈ।
ਮੇਰੀ ਬੋਟੀ ਬੋਟੀ ਖਾਈਂ,
'ਬਾਲਮ' ਮੇਰੇ ਨੂੰ ਹਥ ਨਾ ਲਾਈਂ।

ਅਮਰ-ਪ੍ਰੀਤ

ਕਾਜ਼ੀ-ਕਾਜ਼ੀ ਛਡ ਨਿਮਾਜ਼ ਤੇ ਕਹਿਣ ਲਗਾ,
ਮੇਰੇ ਅਗਿਓਂ ਕਾਸ ਨੂੰ ਲੰਘੀ ਏਂ ਤੂੰ।
ਮੇਰੇ ਨੈਣਾਂ ਵਿਚ ਨਬੀ ਆ ਵਸਿਆ ਸੀ,
ਜਲਵਾ ਉਡਿਆ ਜਦੋਂ ਆ ਖੰਘੀ ਏਂ ਤੂੰ।
ਤੇਰੀ ਸ਼ਕਲ ਬੇ-ਅਕਲ ਬੇ-ਸੂਰਤ ਜਾਪੇ,
ਮੇਰੇ ਨੈਣਾਂ ਵਿਚ ਫਿਰ ਗਈ ਕੰਘੀ ਏਂ ਤੂੰ।
ਜਾਹ ! ਦੋਜ਼ਖ਼ ਨੂੰ ਜਾਏਂਗੀ ਸਣੇ ਰਾਂਝੇ,
ਜਿਸਦੇ ਇਸ਼ਕ ਅੰਦਰ ਡਾਢੀ ਰੰਗੀ ਏਂ ਤੂੰ।

ਨਾ ਤੂੰ ਰਖੇ ਰੋਜ਼ੇ, ਨਾ ਨਿਮਾਜ਼ ਨੀਤੀ,
ਤੈਨੂੰ ਮੱਕੇ ਮਦੀਨੇ ਦਾ ਪਿਆਰ ਹੀ ਨਹੀਂ।
ਸੜਦੀ ਰਹੇਂਗੀ ਦੋਜ਼ਖ਼ ਦੀ ਅੱਗ ਅੰਦਰ,
ਰੱਬ ਰੁਸੇ ਦਾ ਤੈਨੂੰ ਵੀਚ਼ਾਰ ਹੀ ਨਹੀਂ।

ਹੀਰ–ਰੱਰ ਰਿਹਾ ਰਹੀਮ ਦੀ ਲੋੜ ਨਾਹੀਂ,
ਰੁਸ ਜਾਏ ਰੈਸੂਲ ਰਕਾਤ ਬੇ-ਸ਼ਕ।
ਰੁਸ ਜਾਣ ਰੋਜ਼ੇ ਕਲਮਾਂ ਰੁਸ ਜਾਏ,
ਰੁਸ ਜਾਏ ਨਿਮਾਜ਼ ਜਮਾਤ ਬੇ-ਸ਼ਕ।
ਰੁਸ ਜਾਣ ਪੈਗੰਬਰ ਤੇ ਵਲੀ ਕੁਤਬ,
ਰੁਸੇ ਮੱਕਾ ਮਦੀਨਾ ਜ਼ਕਾਤ ਬੇ-ਸ਼ਕ।
ਕਾਜ਼ੀ! ਇਕ ਨਾ ਰੁਸ਼ੇ ਆ ਮੀਆਂ ਰਾਂਝਾ,
ਰੁਸ਼ ਜਾਏ ਸਾਰੀ ਮਖਲੂਕਾਤ ਬੇ-ਸ਼ਕ।

ਮੈਨੂੰ ਦੋਜ਼ਖ ਦੀ ਅਗ ਦਾ ਡਰ ਨਾਹੀਂ,
ਮੈਨੂੰ ਮਿਲਿਆ ਏ ਖੁਦ ਖੁਦਾ ਰਾਂਝਾ।
ਪੜ੍ਹਾਂ ਇਸ਼ਕ ਨਿਮਾਜ਼ ਤੇ ਪਿਆਰ ਕਲਮਾਂ,
ਨਹੀਂ ਹੈ ਰਬ ਦੇ ਨੂਰੋਂ ਜੁਦਾ ਰਾਂਝਾ।

ਕਾਜ਼ੀ ਤੇਰੇ ਇਸ ਕਲਮੇ ਕੁਰਾਨ ਨਾਲੋਂ,
ਮੈਨੂੰ ਜਾਪਦਾ ਏ ਕਲ਼ਮਾਂ ਪਾਕ ਰਾਂਝਾ।
ਤੇਰੇ ਮਕੇ ਨੂੰ ਨਹੀਂ ਸਲਾਮ ਮੇਰਾ,
ਮੇਰਾ ਮੱਕਾ ਮਦੀਨਾ ਹੈ ਚਾਕ ਰਾਂਝਾ।
ਤੇਰੇ ਨਬੀ ਦੀ ਨਹੀਂ ਕਲਾਮ ਚਲਦੀ,
ਜਿਸ ਥਾਂ ਤੇ ਕਰਦੈ ਵਾਕ ਰਾਂਝਾ।
ਕਾਜ਼ੀ ਚੰਦ ਤਾਰੇ ਸੂਰਜ ਸ਼ਰਮਦੇ ਨੇ,
ਨਿਗ੍ਹਾ ਉਤਾਂਹ ਕਰ ਜਦੋਂ ਪਏ ਝਾਕ ਰਾਂਝਾ।

ਮੀਆਂ ਮਰਨਿਆਂ ਅੱਖੀਂ ਹਰਾਮ ਤੇਰੇ,
ਨਬੀ ਹੁੰਦਾ ਤਾਂ ਮੈਂ ਕਿਉਂ ਨਜ਼ਰ ਆਂਦੀ।
ਜੇਕਰ ਸੱਚ ਹੀ ਨਬੀ ਦਾ ਵਾਸ ਹੁੰਦਾ,
ਤੇਰੇ ਨੈਣਾਂ ਚੋਂ ਇਸ਼ਕ ਦੀ ਗ਼ਦਰ ਆਂਦੀ।

ਜਿਹਨਾਂ ਨੈਣਾਂ ਵਿਚ ਕੀਤਾ ਨਿਵਾਸ ਪ੍ਰੀਤਮ,
ਵੇ ਉਹ ਨੈਣ ਜਹਾਨੋਂ ਨਿਰਾਲੜੇ ਨੇ।
ਉਹਨਾਂ ਨੈਣਾਂ ਤੋਂ ਨਬੀ ਆ ਖੈਰ ਮੰਗਣ,
ਜਿਨ੍ਹਾਂ ਨੈਣਾਂ ਵਿਚ ਪਿਆਰ ਪਿਆਲੜੇ ਨੇ।
ਤੇਰੇ ਨੈਣੀਂ ਤਅੱਸਬ ਦੀ ਨੈਂ ਵਗਦੀ,
ਤੇਰੇ ਨੈਣਾਂ ਦੇ ਦਿਲ ਸ਼ਾਹ ਕਾਲੜੇ ਨੇ।
ਤੇਰੇ ਨੈਣਾਂ ਨੂੰ ਹੂਰਾਂ ਦੀ ਹਿਰਸ ਮੀਆਂ,
ਤੇਰੇ ਨੈਣ ਨਾ ਨਬੀਆਂ ਵਾਲੜੇ ਨੇ।

ਮੇਰੇ ਨੈਣਾਂ ਵਿਚ ਕੀਤਾ ਨਿਵਾਸ ਰਾਂਝੇ,
ਮੈਨੂੰ ਦੁਨੀਆਂ ਦੀ ਦਿਸਦੀ ਸ਼ਕਲ ਹੀ ਨਹੀਂ।
'ਬਾਲਮ' ਇਸ਼ਕ ਨੇ ਕੀਤਾ ਬੇਸੂਰਤ ਮੈਨੂੰ,
ਲੋਕੀਂ ਆਖਦੇ ਹੀਰ ਨੂੰ ਅਕਲ ਹੀ ਨਹੀਂ।

ਕਬਰ ਦੀ ਆਵਾਜ਼

ਵੇ ਫੁਲ ਵਾਲੇ ਕਬਰ ਮੇਰੀ ਤੇਂ,
ਹੌਲੀ ਫੁਲ ਟਿਕਾਈਂ।
ਫੁਲਾਂ ਨਾਲੋਂ ਨਾਜ਼ਕ ਹਾਂ ਮੈਂ,
ਫੁਲ ਦੀ ਚੋਟ ਨਾ ਲਾਈਂ।

ਮੈਂ ਹਾਂ ਦਿਲ ਮਹਿਬੂਬ ਕਿਸੇ ਦਾ,
ਨਾਜ਼ਾਂ ਦੇ ਨਾਲ ਪਲਿਆ।
ਅੜਿਆ ਪੱਤੀ ਮਾਰ ਫੁਲਾਂ ਦੀ,
ਨਾਜ਼ ਨਾ ਯਾਦ ਕਰਾਈਂ।

ਤੁਲਦਾ ਸਾਂ ਮੈਂ ਨਾਲ ਫੁਲਾਂ ਦੇ,
ਪਿਆਰ ਤਰਾਜ਼ੂ ਚੜ੍ਹ ਕੇ।
ਸੋਹਣਿਆਂ ਦਾ ਸਰਦਾਰ ਸਾਂ ਹੁੰਦਾ,
ਹੁਸਨ ਤੇਗ਼ ਹੱਥ ਫੜ ਕੇ।

ਮਹਿਲਾਂ ਵਿਚ ਪੰਘੂੜੇ ਝੂਟੇ,
ਗੋਦ ਮਾਹੀ ਦੀ ਮਾਣੀ।
ਪਾਤਸ਼ਾਹ ਸਨ ਪੁੱਛ ਕੇ ਚਲਦੇ,
ਮੈਂ ਸਾਂ ਸੁਘੜ ਸਿਆਣੀ।

ਲਾਲ ਚੂੜਾ ਸੀ ਬਾਹਵਾਂ ਦੇ ਵਿਚ,
ਮਹਿੰਦੀ ਲਾ ਲਾ ਫਬੀ।
ਫੁਲ ਵਿਛਾ ਕੇ ਬਿਸਤਰ ਉਤੇ,
ਤਾਂ ਮੈਂ ਰਾਤ ਲੰਘਾਣੀ।

ਵੇਖ ਕੇ ਮੇਰਾ ਹੁਸਨ ਤੇ ਹਾਸਾ,
ਹੁਸਨ ਹਸ ਸ਼ਰਮਾਂਦਾ ਸੀ।
ਤੱਕ ਕੇ ਨਖਰੇ ਨਾਜ਼ ਨਜ਼ਾਕਤ,
ਇਸ਼ਕ ਵੀ ਪੈਰ ਦਬਾਂਦਾ ਸੀ।

ਰੇਸ਼ਮ ਉਤੇ ਟੁਰਿਆਂ ਮੇਰੇ,
ਪੈਰੀਂ ਛਾਲੇ ਪੈਂਦੇ ਸਨ।
ਮੇਰੇ ਨਰਮ ਜੁਸੇ ਨੂੰ ਤੱਕ ਕੇ,
ਰੇਸ਼ਮ ਵੀ ਸ਼ਰਮਾਂਦਾ ਸੀ।

ਤਾਜ ਮੇਰੇ ਪੈਰਾਂ ਤੇ ਆ ਕੇ,
ਰਾਜਕੁਮਾਰ ਟਿਕਾਂਦੇ ਸਨ।
ਚੁੰਮ ਕੇ ਪੈਰ ਸ਼ਾਹਜ਼ਾਦੇ ਮੇਰੇ,
ਲਖ ਲਖ ਸ਼ੁਕਰ ਮਨਾਂਦੇ ਸਨ।

ਨੈਣ ਸ਼ਮ੍ਹਾਂ ਤੇ ਭੌਰੇ ਬਣ ਕੇ,
ਆਪਣਾ ਆਪ ਜਲਾਂਦੇ ਸਨ।
ਮੇਰੇ ਪਿਆਰ ਦੇ ਅੰਦਰ ਸੜ ਕੇ,
ਠੰਡ ਕਾਲਜੇ ਪਾਂਦੇ ਸਨ।

ਛਤਰ ਸੀ ਮੇਰੇ ਸਿਰ ਤੇ ਝੂਲਦੇ,
ਪਰੀਆਂ ਪੈਰ ਦਬਾਂਦੀਆਂ ਸੀ।
ਘੋਟ ਘੋਟ ਕੇ ਮਹਿੰਦੀ ਹੂਰਾਂ,
ਪੈਰਾਂ ਵਿਚ ਲਗਦੀਆਂ ਸੀ।

ਮੇਰੇ ਇਕ ਇਸ਼ਾਰੇ ਉਤੇ,
ਤਰਥਲੀ ਮਚ ਜਾਂਦੀ ਸੀ।
ਹਾਏ ਦੀ ਸੁਣ ਆਵਾਜ ਬੇਗ਼ਮਾਂ,
ਜਾਨਾਂ ਤੱਕ ਲਗਾਂਦੀਆਂ ਸੀ।

ਜਹਾਂਗੀਰ ਦੀ ਬੇਗ਼ਮ ਹਾਂ ਮੈਂ,
ਨੂਰਜਹਾਂ ਹੈ ਨਾਂ ਮੇਰਾ।
ਛੱਤ ਕੇ ਮਹਲ ਪਈ ਵਿਚ ਕਬਰਾਂ,
ਰਿਹਾ ਨਾ ਨਾਮ ਨਿਸ਼ਾਂ ਮੇਰਾ।

ਹੱਡ ਚੰਮ ਸਭ ਮਿਟੀ ਖਾ ਗਈ,
ਖਾਲੀ ਦਿਲ ਹੈ ਤੜਪ ਰਿਹਾ।

ਜਿਥੇ ਦਿਨ ਨੂੰ ਲੋਕੀ ਡਰਦੇ,
ਉਹ ਹੈ ਅੱਜ ਗਿਰਾਂ ਮੇਰਾ।

ਫੁਲਾਂ ਦੀ ਥਾਂ ਪਥਰ ਸੂਲਾਂ,
ਮਿਟੀ ਰੋੜ ਹਜ਼ਾਰਾਂ ਨੇ।
ਜਹਾਂਗੀਰ ਨਾ ਦਰਦ ਵੰਡਾਇਆ,
ਨਾ ਹੀ ਰਿਸ਼ਤੇਦਾਰਾਂ ਨੇ।

ਇਸ਼ਕ ਹੁਸਨ ਤੇ ਪਿਆਰ ਪਾਪੀਆਂ,
ਪਰਤ ਨਾ ਤੁਕਿਆ ਤਤੀ ਨੂੰ।
ਚਾਰ ਦਿਨਾਂ ਦੀ ਜਿਤ ਦੇ ਪਿਛੋਂ
ਆਖਰ ਸਭ ਦੀਆਂ ਹਾਰਾਂ ਨੇ।

ਮੇਰੀ ਕਬਰ ਤੇ ਆ ਕੋਈ,
ਨਾ ਹੀ ਦੀਆ ਜਗਾਂਦਾ ਏ।
ਨਾ ਹੀ ਮਹਿਕਣ ਫੁਲ ਕਬਰ ਤੇ,
ਨਾ ਕੋਈ ਭੌਰਾ ਗਾਂਦਾ ਏ।

ਜੀਂਵਦਿਆਂ ਦੇ ਯਾਰ ਨੇ ਸਾਰੇ,
ਮੋਇਆਂ ਦਾ ਕੋਈ ਯਾਰ ਨਹੀਂ।
ਨਾ ਕੋਈ ਦਏ ਰੁਮਾਲ ਨਿਸਾਨੀ,
ਨਾ ਕੋਈ ਸਦਕੇ ਜਾਂਦਾ ਏ।

ਤਿਮਰਲਿੰਗ ਤੇ ਬਾਬਰ ਜੈਸੇ,
ਕਬਰਾਂ ਵਿਚ ਸਮਾ ਗਏ ਨੇ।
ਸ਼ਾਹ ਸਿਕੰਦਰ ਅਤੇ ਹੁਮਾਯੂੰ,
ਏਥੇ ਮੂੰਹ ਛੁਪਾ ਗਏ ਨੇ

ਯੂਸਫ ਤੇ ਸ਼ਾਹ ਅਕਬਰ ਜੈਸੇ,
ਗੋਰ ਦੇ ਪਲੰਘ ਵਿਛਾ ਸੁਤੇ।
ਪਰਤ ਪਿਛਾਂ ਨਾ ਗਏ ਉਹ 'ਬਾਲਮ',
ਜੋ ਜੋ ਏਥੇ ਆ ਗਏ ਨੇ।